Samaj Weekly

# ਸਮਾਜ ਵੀਕਲੀ

Punjabi, Hindi & English Newspaper - UK & EU Edition

Vol : 4 : # ਅੰਕ 346 | 12/06/2026 | www.samajweekly.com | samajweekly | @samajweekly | samajweekly


# ਅਮਰੀਕੀ ਹਮਲੇ ’ਚ ਤਿੰਨ ਭਾਰਤੀ ਮਲਾਹ ਹਲਾਕ

**ਨਵੀਂ ਦਿੱਲੀ,**
ਭਾਰਤ ਨੇ ਕਿਹਾ ਹੈ ਕਿ ਓਮਾਨ ਦੇ ਤੱਟ ਨੇੜੇ ਪਿਛਲੇ ਚਾਰ ਦਿਨਾਂ ਵਿੱਚ ਭਾਰਤੀ ਅਮਲੇ ਵਾਲੇ ਤਿੰਨ ਵਪਾਰਕ ਜਹਾਜ਼ਾਂ ’ਤੇ ਅਮਰੀਕਾ ਵੱਲੋਂ ਹਮਲਾ ਕੀਤਾ ਗਿਆ, ਜਿਸ ਵਿੱਚ ਤਿੰਨ ਭਾਰਤੀ ਨਾਗਰਿਕਾਂ ਦੀ ਮੌਤ ਹੋ ਗਈ। ਇਹ ਤਿੰਨੇ ਭਾਰਤ ਦੇ ਵੱਖ-ਵੱਖ ਸੂਬਿਆਂ- ਹਿਮਾਚਲ ਪ੍ਰਦੇਸ਼, ਉੱਤਰ ਪ੍ਰਦੇਸ਼ ਅਤੇ ਆਂਧਰਾ ਪ੍ਰਦੇਸ਼ ਤੋਂ ਹਨ। ਭਾਰਤ ਨੇ ਅਮਰੀਕਾ ਕੋਲ ਇਹ ਮਾਮਲਾ ਉਠਾਉਂਦਿਆਂ ਸਖ਼ਤ ਇਤਰਾਜ਼ ਦਰਜ ਕਰਾਇਆ ਹੈ।

ਇਹ ਪਹਿਲੀ ਵਾਰ ਹੈ, ਜਦੋਂ ਭਾਰਤ ਨੇ ਖੁੱਲ੍ਹੇ ਤੌਰ ’ਤੇ ਮੰਨਿਆ ਹੈ ਕਿ ਅਮਰੀਕੀ ਜਲ ਸੈਨਾ ਨੇ ਭਾਰਤੀ ਮਲਾਹਾਂ ਵਾਲੇ ਜਹਾਜ਼ਾਂ ਨੂੰ ਨਿਸ਼ਾਨਾ ਬਣਾਇਆ ਹੈ। 8 ਜੂਨ ਨੂੰ ਪਲਾਉ ਝੰਡੇ ਵਾਲੇ ਤੇਲ ਟੈਂਕਰ ਐੱਮ ਟੀ ਮੈਰੀਵੈਕਸ ਨੂੰ ਅਮਰੀਕੀ ਫੌਜ ਨੇ ਨਕਾਰਾ ਕਰ ਦਿੱਤਾ ਸੀ, ਜਿਸ ਵਿੱਚ ਸਵਾਰ ਅਮਲੇ ਦੇ ਸਾਰੇ 24 ਭਾਰਤੀ ਮੈਂਬਰਾਂ ਨੂੰ ਸੁਰੱਖਿਅਤ ਬਚਾਅ ਲਿਆ ਗਿਆ ਸੀ।

10 ਜੂਨ ਨੂੰ ਅਮਰੀਕਾ ਨੇ ਐੱਮ ਟੀ ਸੇਟੇਬੈਲੋ ਨੂੰ ਨਿਸ਼ਾਨਾ ਬਣਾਇਆ, ਜਿਸ ’ਤੇ ਵੀ 24 ਭਾਰਤੀ ਮਲਾਹ ਸਵਾਰ ਸਨ। ਅਮਲੇ ਦੇ 21 ਮੈਂਬਰਾਂ ਨੂੰ ਬਚਾਅ ਲਿਆ ਗਿਆ, ਜਦਕਿ 3 ਦੀ ਮੌਤ ਹੋ ਗਈ। ਹਮਲੇ ਬਾਅਦ ਵਿਦੇਸ਼ ਮੰਤਰਾਲੇ ਨੇ ਅਮਰੀਕੀ ਡਿਪਲੋਮੈਟ ਜੇਸਨ ਮੀਕਸ ਨੂੰ ਤਲਬ ਕਰ ਕੇ ਸਖ਼ਤ ਇਤਰਾਜ਼ ਦਰਜ ਕਰਾਇਆ। ਵਿਭਾਗ ਦੇ ਤਰਜਮਾਨ ਰਣਧੀਰ ਜੈਸਵਾਲ ਨੇ ਕਿਹਾ ਕਿ ਭਾਰਤ ਆਪਣੇ ਮਲਾਹਾਂ ਦੀ ਸੁਰੱਖਿਆ ਨੂੰ ਵਧੇਰੇ ਤਰਜੀਹ ਦਿੰਦਾ ਹੈ। ਭਾਰਤ ਨੇ ਅਮਰੀਕਾ ਤੋਂ ਹਮਲੇ ਰੋਕਣ ਦੀ ਮੰਗ ਕੀਤੀ। ਉਨ੍ਹਾਂ ਕਿਹਾ, ‘‘ਅਸੀਂ ਉਨ੍ਹਾਂ ਨੂੰ ਦੱਸਿਆ ਕਿ ਸਮੱਸਿਆ ਦਾ ਕੂਟਨੀਤੀ ਅਤੇ ਗੱਲਬਾਤ ਰਾਹੀਂ ਸ਼ਾਂਤੀਪੂਰਨ ਹੱਲ ਕੱਢਿਆ ਜਾ ਸਕਦਾ ਹੈ ਅਤੇ ਕੌਮਾਂਤਰੀ ਕਾਨੂੰਨ ਅਨੁਸਾਰ ਹੀ ਹਰਮੁਜ਼ ਜਲ ਮਾਰਗ ਤੋਂ



ਬੇਰੋਕ ਆਵਾਜਾਈ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਅਸੀਂ ਇਨ੍ਹਾਂ ਮਸਲਿਆਂ ’ਤੇ ਆਪਣੀ ਸਥਿਤੀ ਸਪਸ਼ਟ ਕਰ ਦਿੱਤੀ ਹੈ।’’ਉਨ੍ਹਾਂ ਕਿਹਾ ਕਿ ਖਿੱਤੇ ’ਚ ਤਾਇਨਾਤ ਅਮਰੀਕੀ ਫੌਜ ਵੱਲੋਂ ਤਿੰਨ ਵਪਾਰਕ ਜਹਾਜ਼ਾਂ ’ਤੇ ਹਮਲੇ ਕੀਤੇ ਗਏ। ਇਨ੍ਹਾਂ ਵਿਚੋਂ ਦੋ ਜਹਾਜ਼ ਪਲਾਉ ਝੰਡੇ ਵਾਲੇ ਸਨ ਅਤੇ ਇੱਕ ਗਿਨੀ-ਬਿਸਾਉ ਦਾ ਸੀ। ਜਹਾਜ਼ਰਾਨੀ ਮੰਤਰਾਲੇ ਦੇ ਵਧੀਕ ਸਕੱਤਰ ਮੁਕੇਸ਼ ਮੰਗਲ ਨੇ ਕਿਹਾ ਕਿ ਜਲਵੀਰ ’ਤੇ ਤਾਇਨਾਤ ਅਮਲੇ ਨੂੰ ਸੁਰੱਖਿਅਤ ਕੱਢਣ ਦਾ ਕੰਮ ਜਾਰੀ ਹੈ। 18,000 ਤੋਂ ਵੱਧ ਭਾਰਤੀ ਮਲਾਹ ਖਾੜੀ ਖੇਤਰ ਵਿੱਚ ਰਹਿੰਦੇ ਹਨ। ਉਨ੍ਹਾਂ ਕਿਹਾ, ‘‘ਅਸੀਂ ਹਾਲੇ ਤੱਕ ਪਰਿਵਾਰਕ ਮੈਂਬਰਾਂ ਨਾਲ ਸੰਪਰਕ ਸਥਾਪਤ ਨਹੀਂ ਕੀਤਾ ਹੈ। ਅਸੀਂ ਅਜੇ ਵੀ ਓਮਾਨ ਤੋਂ ਕੁਝ ਜਾਣਕਾਰੀ ਦੀ ਉਡੀਕ ਕਰ ਰਹੇ ਹਾਂ।’’ ਨੈਸ਼ਨਲ ਯੂਨੀਅਨ ਆਫ ਸੀਫੇਰਰਜ਼ ਆਫ ਇੰਡੀਆ (ਐੱਨ ਯੂ ਐੱਸ ਆਈ) ਨੇ ਵੱਖਰੇ ਬਿਆਨ ਵਿੱਚ ਹਮਲੇ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਸਾਰੇ ਭਾਈਵਾਲਾਂ ਨੂੰ ਉੱਚ ਜੋਖ਼ਮ ਵਾਲੇ ਖੇਤਰਾਂ ਵਿੱਚ ਜਾਣ ਵਾਲੇ ਜਹਾਜ਼ਾਂ ਅਤੇ ਚਾਲਕ ਦਲ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।

## ਡੋਨਾਲਡ ਟਰੰਪ ਨੇ ਇਰਾਨ 'ਤੇ ਵੱਡਾ ਹਮਲਾ ਕਰਨ ਦੀ ਦਿੱਤੀ ਧਮਕੀ


**ਵਾਸ਼ਿੰਗਟਨ :** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਰਾਨ 'ਤੇ ਹਮਲੇ ਦੀ ਨਵੀਂ ਧਮਕੀ ਦਿੱਤੀ ਹੈ। ਟਰੰਪ ਨੇ ਕਿਹਾ ਕਿ ਅਮਰੀਕਾ ਵੀਰਵਾਰ ਰਾਤ ਨੂੰ ਇਰਾਨ 'ਤੇ ਵੱਡਾ ਹਮਲਾ ਕਰੇਗਾ। ਉਨ੍ਹਾਂ ਦਾ ਦਾਅਵਾ ਹੈ ਕਿ ਇਰਾਨ ਦੀ ਜ਼ਿਆਦਾਤਰ ਫੌਜੀ ਤਾਕਤ ਪਹਿਲਾਂ ਹੀ ਕਮਜ਼ੋਰ ਹੋ ਚੁੱਕੀ ਹੈ। ਟਰੰਪ ਨੇ ਇਹ ਵੀ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਅਮਰੀਕਾ ਇਰਾਨ ਦੇ ਸਭ ਤੋਂ ਵੱਡੇ ਤੇਲ ਨਿਰਯਾਤ ਕੇਂਦਰ 'ਖਾਰਗ ਆਈਲੈਂਡ' ਅਤੇ ਹੋਰ ਅਹਿਮ ਤੇਲ-ਗੈਸ ਟਿਕਾਣਿਆਂ 'ਤੇ ਵੈਨੇਜ਼ੁਏਲਾ



ਵਾਂਗ ਕਬਜ਼ਾ ਕਰੇਗਾ। ਖਾਰਗ ਆਈਲੈਂਡ ਨੂੰ ਇਰਾਨ ਦੇ ਤੇਲ ਨਿਰਯਾਤ ਦਾ ਸਭ ਤੋਂ ਵੱਡਾ ਕੇਂਦਰ ਮੰਨਿਆ ਜਾਂਦਾ ਹੈ। ਦੂਜੇ ਪਾਸੇ ਓਮਾਨ ਦੇ ਨੇੜੇ ਭਾਰਤੀ ਮਲਾਹਾਂ ਵਾਲੇ ਜਹਾਜ਼ਾਂ 'ਤੇ ਅਮਰੀਕੀ ਹਮਲਿਆਂ ਨੂੰ ਲੈ ਕੇ ਭਾਰਤ ਨੇ ਸਖ਼ਤ ਵਿਰੋਧ ਦਰਜ ਕਰਵਾਇਆ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਅਮਰੀਕੀ ਫੌਜ ਨੇ ਭਾਰਤੀ ਕਰੂ ਵਾਲੇ ਤੀਜੇ ਜਹਾਜ਼ 'ਠ ਜਲਵੀਰ' 'ਤੇ ਵੀ ਹਮਲਾ ਕੀਤਾ ਹੈ। ਇਸ 'ਤੇ ਸਵਾਰ ਸਾਰੇ 20 ਭਾਰਤੀ ਸੁਰੱਖਿਅਤ ਹਨ ਅਤੇ ਉਨ੍ਹਾਂ ਨੂੰ ਉੱਥੋਂ ਕੱਢਣ ਦਾ ਕੰਮ ਜਾਰੀ ਹੈ। ਭਾਰਤ ਨੇ ਇਸ ਮਾਮਲੇ 'ਤੇ ਅਮਰੀਕੀ ਰਾਜਦੂਤ ਨੂੰ ਤਲਬ ਕਰਕੇ ਸਖ਼ਤ ਇਤਰਾਜ਼ ਜਤਾਇਆ ਹੈ ਅਤੇ ਕਿਹਾ ਹੈ ਕਿ ਜਹਾਜ਼ਾਂ 'ਤੇ ਹੋ ਰਹੇ ਹਮਲੇ ਤੁਰੰਤ ਬੰਦ ਹੋਣੇ ਚਾਹੀਦੇ ਹਨ।

## iFfa World Cup 2026: ਫੀਫਾ ਆਲਮੀ ਕੱਪ ਦਾ ਰੰਗਾਰੰਗ ਆਗਾਜ਼

**ਨਵੀਂ ਦਿੱਲੀ।** ਮੇਜ਼ਬਾਨ ਮੈਕਸਿਕੋ ਤੇ ਦੱਖਣੀ ਅਫਰੀਕਾ ਦਰਮਿਆਨ ਫੁਟਬਾਲ ਮੁਕਾਬਲੇ ਨਾਲ ਫੀਫਾ ਆਲਮੀ ਕੱਪ 2026 ਦਾ ਦੇਰ ਰਾਤ ਰਸਮੀ ਰੰਗਾਰੰਗ ਆਗਾਜ਼ ਹੋ ਗਿਆ ਹੈ। ਉਦਘਾਟਨੀ ਮੁਕਾਬਲਾ ਮੈਕਸਿਕੋ ਸਿਟੀ ਦੇ ਅਸਟੇਡੀਓ ਐਜ਼ਟੇਕਾ ਸਟੇਡੀਅਮ ਵਿੱਚ ਖੇਡਿਆ ਗਿਆ। ਫੀਫਾ ਆਲਮੀ ਕੱਪ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੈ ਜਦੋਂ ਤਿੰਨ ਮੁਲਕ ਅਮਰੀਕਾ, ਕੈਨੇਡਾ ਤੇ ਮੈਕਸਿਕੋ ਫੁਟਬਾਲ ਦੇ ਇਸ ਮਹਾਕੁੰਭ ਦੀ 16 ਵੱਖ-ਵੱਖ ਸ਼ਹਿਰਾਂ ਵਿੱਚ ਮੇਜ਼ਬਾਨੀ ਕਰ ਰਹੇ ਹਨ। ਪਹਿਲੀ ਵਾਰ ਆਲਮੀ ਕੱਪ ਵਿੱਚ 48 ਟੀਮਾਂ ਹਿੱਸਾ ਲੈ ਰਹੀਆਂ ਹਨ। ਐਤਕੀਂ ਜੌਰਡਨ,



ਉਜ਼ਬੇਕਿਸਤਾਨ, ਕੁਰਾਸਾਓ ਤੇ ਕੇਪ ਵਰਡੀ ਦੀਆਂ ਟੀਮਾਂ ਪਹਿਲੀ ਵਾਰ ਆਲਮੀ ਕੱਪ ਵਿੱਚ ਖੇਡਦੀਆਂ ਨਜ਼ਰ ਆਉਣਗੀਆਂ। ਚਾਰ ਵਾਰ ਦੀ ਚੈਂਪੀਅਨ ਇਟਲੀ ਦੀ ਟੀਮ ਕੁਆਲੀਫਾਈ ਹੀ ਨਹੀਂ ਕਰ ਸਕੀ। ਇਨ੍ਹਾਂ 48 ਟੀਮਾਂ ਨੂੰ 12 ਗਰੁੱਪਾਂ ਵਿੱਚ ਵੰਡਿਆ ਗਿਆ ਹੈ ਤੇ ਹਰੇਕ ਗਰੁੱਪ ਵਿੱਚ ਚਾਰ ਟੀਮਾਂ ਸ਼ਾਮਲ ਹਨ। ਉਦਘਾਟਨੀ ਸਮਾਗਮ ਵਿੱਚ ਸ਼ਕੀਰਾ ਤੇ ਭਾਰਤ ਦੀ ਨੋਰਾ ਫਤੇਹੀ ਨੇ ਪੇਸ਼ਕਾਰੀ ਦਿੱਤੀ। ਮੈਕਸਿਕੋ ਇਤਿਹਾਸ ਵਿੱਚ ਤੀਜੀ ਵਾਰ ਫੀਫਾ ਵਿਸ਼ਵ ਕੱਪ ਦੀ ਮੇਜ਼ਬਾਨੀ ਕਰਨ ਵਾਲਾ ਪਹਿਲਾ ਦੇਸ਼ ਬਣ ਗਿਆ ਹੈ, ਜਿਸ ਨੇ ਪਹਿਲਾਂ 1970 ਅਤੇ 1986 ਵਿੱਚ ਇਹ ਟੂਰਨਾਮੈਂਟ ਕਰਵਾਇਆ ਸੀ। ਫੀਫਾ ਆਲਮੀ ਕੱਪ ਦੇ ਮੈਚ ਭਾਰਤ ਵਿੱਚ ਜ਼ੀ5 ਐਪ ਤੇ ਵੈਬਸਾਈਟ ਅਤੇ ਯੂਨਾਈਟ8 ਸਪੋਰਟਸ ਨੈੱਟਵਰਕ ’ਤੇ ਦੇਖੇ ਜਾ ਸਕਦੇ ਹਨ। ਡੀ ਡੀ ਸਪੋਰਟਸ ਵੀ ਕੁਝ ਚੋਣਵੇਂ ਮੈਚ ਪ੍ਰਸਾਰਤ ਕਰੇਗਾ।

# ਅੰਮ੍ਰਿਤਸਰ ਵਿਚ 300 ਕਰੋੜ ਰੁਪਏ ਦੀ ਹੈਰੋਇਨ ਸਮੇਤ 6 ਤਸਕਰ ਗ੍ਰਿਫਤਾਰ

**ਅੰਮ੍ਰਿਤਸਰ।** ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਇਕ ਅੰਤਰਰਾਸ਼ਟਰੀ ਡਰੱਗ ਨੈੱਟਵਰਕ ਦਾ ਪਰਦਾਫਾਸ਼ ਕਰਕੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਰੁੱਧ ਲੜਾਈ ਵਿੱਚ ਇੱਕ ਵੱਡੀ ਸਫਲਤਾ ਹਾਸਲ ਕੀਤੀ ਹੈ। ਇਸ ਕਾਰਵਾਈ ਦੌਰਾਨ ਛੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 30.045 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਸੀ। ਇਸ ਕਾਰਵਾਈ ਨੂੰ ਪੰਜਾਬ ਵਿੱਚ ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਮੰਨਿਆ ਜਾ ਰਿਹਾ ਹੈ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੁਬਈ ਦੇ ਇੱਕ ਤਸਕਰ ਦੇ ਸੰਪਰਕ ਵਿੱਚ ਸਨ, ਜਿਸ ਨੂੰ ਸਰਹੱਦ ਪਾਰ ਹੈਰੋਇਨ ਦੀ ਸਪਲਾਈ ਦਾ ਮਾਸਟਰਮਾਈਂਡ ਮੰਨਿਆ ਜਾਂਦਾ ਹੈ। ਇਹ ਤਸਕਰ ਆਪਣੇ ਨੈੱਟਵਰਕ ਰਾਹੀਂ ਪੰਜਾਬ ਵਿੱਚ ਨਸ਼ੀਲੇ ਪਦਾਰਥਾਂ ਦੀ ਸਪਲਾਈ ਅਤੇ ਵੰਡ ਲਈ ਪੂਰਾ ਸਿਸਟਮ ਚਲਾ ਰਿਹਾ ਸੀ। ਉਸ ਦੇ ਨਿਰਦੇਸ਼ਾਂ 'ਤੇ ਕਾਰਵਾਈ ਕਰਦੇ ਹੋਏ, ਸਥਾਨਕ ਮੁਲਜ਼ਮ ਨਿਰਧਾਰਤ ਥਾਵਾਂ ਤੋਂ ਹੈਰੋਇਨ ਦੀ ਖੇਪ




ਇਕੱਠੀ ਕਰਦੇ ਸਨ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਵੰਡਦੇ ਸਨ। ਜ਼ਬਤ ਕੀਤੀ ਗਈ 30.045 ਕਿਲੋਗ੍ਰਾਮ ਹੈਰੋਇਨ ਦੀ ਅੰਤਰਰਾਸ਼ਟਰੀ ਬਾਜ਼ਾਰ ਕੀਮਤ ਬਹੁਤ ਜ਼ਿਆਦਾ ਹੋਣ ਦਾ ਅਨੁਮਾਨ ਹੈ। ਮਾਹਰਾਂ ਦੇ ਅਨੁਸਾਰ, ਭਾਰਤ ਵਿੱਚ ਇਸ ਦੀ ਅਨੁਮਾਨਤ ਕੀਮਤ ਲਗਭਗ 300 ਕਰੋੜ ਜਾਂ ਇਸ ਤੋਂ ਵੀ ਵੱਧ ਹੋ ਸਕਦੀ ਹੈ, ਜੋ ਇਸ ਦੀ ਸ਼ੁੱਧਤਾ ਅਤੇ ਬਾਜ਼ਾਰ ਦਰਾਂ 'ਤੇ ਨਿਰਭਰ ਕਰਦੀ ਹੈ। ਇਹ ਜ਼ਬਤ ਪੂਰੇ ਨੈੱਟਵਰਕ ਦੀ ਵਿੱਤੀ ਤਾਕਤ ਅਤੇ ਵਿਆਪਕ ਪਹੁੰਚ ਨੂੰ ਉਜਾਗਰ ਕਰਦੀ ਹੈ। ਅੰਮ੍ਰਿਤਸਰ ਦੇ ਛੇਹਰਟਾ ਪੁਲਿਸ ਸਟੇਸ਼ਨ ਵਿੱਚ ਐਨਡੀਪੀਐਸ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ, ਅਤੇ ਅਗਲੇਰੀ ਕਾਰਵਾਈ ਜਾਰੀ ਹੈ। ਪੁਲਿਸ ਇਸ ਨੈੱਟਵਰਕ ਦੇ ਪਿਛਲੇ ਅਤੇ ਅਗਲੇਰੇ ਸਬੰਧਾਂ ਦੀ ਜਾਂਚ ਕਰ ਰਹੀ ਹੈ ਤਾਂ ਜੋ ਪੂਰੇ ਗਿਰੋਹ ਨੂੰ ਪੂਰੀ ਤਰ੍ਹਾਂ ਖਤਮ ਕੀਤਾ ਜਾ ਸਕੇ। ਪੰਜਾਬ ਪੁਲਿਸ ਨੇ ਦੁਹਰਾਇਆ ਹੈ ਕਿ ਸੂਬੇ ਨੂੰ ਨਸ਼ਾ ਮੁਕਤ ਬਣਾਉਣ ਲਈ ਅਜਿਹੇ ਕਾਰਜ ਜਾਰੀ ਰਹਿਣਗੇ, ਅਤੇ ਨਸ਼ਾ ਤਸਕਰਾਂ ਨੂੰ ਕਿਸੇ ਵੀ ਪੱਧਰ 'ਤੇ ਬਖਸ਼ਿਆ ਨਹੀਂ ਜਾਵੇਗਾ।

## ਬਦਮਾਸ਼ਾਂ ਵੱਲੋਂ ਜਿਮ ਟ੍ਰੇਨਰ ਦਾ ਗੋਲੀਆਂ ਮਾਰ ਕੇ ਕਤਲ, 1 ਜ਼ਖਮੀ

**ਹਿਸਾਰ।** ਹਰਿਆਣਾ ਦੇ ਹਿਸਾਰ ਅਧੀਨ ਪੈਂਦੇ ਹਾਂਸੀ ਵਿੱਚ ਅੱਜ ਸਵੇਰੇ ਬਦਮਾਸ਼ਾਂ ਨੇ ਇੱਕ ਜਿਮ ਟ੍ਰੇਨਰ ਦਾ ਗੋਲੀਆਂ ਮਾਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ। ਇਸ ਹਮਲੇ ਵਿੱਚ ਉੱਥੇ ਮੌਜੂਦ ਇੱਕ ਨੌਜਵਾਨ ਲੜਕੀ ਵੀ ਜ਼ਖਮੀ ਹੋ ਗਈ। ਇਹ ਪੂਰੀ ਵਾਰਦਾਤ ਸੀ.ਸੀ.ਟੀ.ਵੀ. ਕੈਮਰੇ ਵਿੱਚ ਕੈਦ ਹੋ ਗਈ ਹੈ, ਜਿਸ ਵਿੱਚ ਇੱਕ ਹਮਲਾਵਰ ਮਹਿਜ਼ ਪੰਜ ਸੈਕਿੰਡ ਦੇ ਅੰਦਰ-ਅੰਦਰ ਲਗਾਤਾਰ ਫਾਇਰਿੰਗ ਕਰਦਾ ਦਿਖਾਈ ਦੇ ਰਿਹਾ ਹੈ। ਮ੍ਰਿਤਕ ਦੀ ਪਛਾਣ 25 ਸਾਲਾ ਕਪਿਲ ਵਜੋਂ ਹੋਈ ਹੈ। ਉਹ ਮੂਲ ਰੂਪ ਵਿੱਚ ਜੀਂਦ ਜ਼ਿਲ੍ਹੇ ਦੇ ਪਿੰਡ ਡਾਲਮਵਾਲਾ ਦਾ ਰਹਿਣ ਵਾਲਾ ਸੀ ਅਤੇ ਹਾਂਸੀ ਦੇ ਸ਼ਾਂਤੀ ਨਿਕੇਤਨ ਇਲਾਕੇ ਵਿੱਚ ਰਹਿ ਕੇ ਪਿਛਲੇ ਕਰੀਬ ਤਿੰਨ ਸਾਲਾਂ ਤੋਂ ਰੇਡ ਜਿਮ ਚਲਾ ਰਿਹਾ ਸੀ। ਕੁਝ ਸਮਾਂ ਪਹਿਲਾਂ ਹੀ ਉਸ ਨੇ ਅੰਤਰਜਾਤੀ ਪ੍ਰੇਮ ਵਿਆਹ ਕਰਵਾਇਆ ਸੀ। ਜ਼ਿਕਰਯੋਗ ਹੈ ਕਿ ਜਿਮ ਦੇ ਬਾਹਰ ਟ੍ਰੇਨਰ ਕਪਿਲ



ਨੌਜਵਾਨਾਂ ਨੂੰ ਵਾਰਮ-ਅੱਪ ਕਰਵਾ ਰਿਹਾ ਸੀ। ਇਸੇ ਦੌਰਾਨ ਅਚਾਨਕ ਮੋਟਰਸਾਈਕਲ ਤੇ ਸਵਾਰ ਹੋ ਕੇ ਦੋ ਨਕਾਬਪੋਸ਼ ਹਮਲਾਵਰ ਜਿਮ ਦੇ ਸਾਹਮਣੇ ਰੁਕੇ। ਇਸ ਤੋਂ ਪਹਿਲਾਂ ਕਿ ਕੋਈ ਕੁਝ ਸਮਝ ਪਾਉਂਦਾ, ਹਮਲਾਵਰਾਂ ਨੇ ਟ੍ਰੇਨਰ ਨੂੰ ਨਿਸ਼ਾਨਾ ਬਣਾਉਂਦੇ ਹੋਏ ਉਸ ਦੀ ਪਿੱਠ ਤੇ ਤਾਬੜਤੋੜ ਫਾਇਰਿੰਗ ਸ਼ੁਰੂ ਕਰ ਦਿੱਤੀ।

## ਧਰਮ ਨੂੰ ਸਿਆਸਤ ਲਈ ਵਰਤ ਰਹੀ ਹੈ ਆਪ ਸਰਕਾਰ : ਸੁਖਬੀਰ ਬਾਦਲ

**ਚੰਡੀਗੜ੍ਹ।** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਦੀ ਸੱਤਾਧਾਰੀ ਆਮ ਆਦਮੀ ਪਾਰਟੀ ਦੀ ਸਰਕਾਰ ਤੇ ਧਰਮ ਨੂੰ ਸਿਆਸਤ ਲਈ ਵਰਤਨ ਦਾ ਇਲਾਮ ਲਗਾਉਂਦਿਆਂ ਕਿਹਾ ਹੈ ਕਿ ਗਿਆਨੀ ਰਘਬੀਰ ਸਿੰਘ ਇਸ ਸਮੇਂ ਸੱਤਾਧਾਰੀ ਆਮ ਆਦਮੀ ਪਾਰਟੀ ਦੇ ਵਰਕਰ ਵਜੋਂ ਕੰਮ ਕਰ ਰਹੇ ਹਨ ਅਤੇ ਅਜਿਹਾ ਕਰਕੇ ਉਹ ਸਰਵਉੱਚ ਸਿੱਖ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਨੂੰ ਠੇਸ ਪਹੁੰਚਾ ਰਹੇ ਹਨ।




ਚੰਡੀਗੜ੍ਹ ਦੇ ਸੈਕਟਰ 28 ਸਥਿਤ ਪਾਰਟੀ ਦਫਤਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਹਨਾਂ ਕਿਹਾ ਕਿ ਆਪ ਸਰਕਾਰ ਧਰਮ ਨੂੰ ਸਿਆਸਤ ਲਈ ਵਰਤਣਾ ਬੰਦ ਕਰੇ। ਆਪ ਸਰਕਾਰ ਨੂੰਸਿੱਧੀ ਅਤੇ ਖੁੱਲ੍ਹੀ ਚਿਤਾਵਨੀ ਦਿੰਦਿਆਂ ਉਹਨਾਂ ਕਿਹਾ ਕਿ ਜੇਕਰ ਸੱਤਾਧਾਰੀਆਂ ਵਿੱਚ ਹਿੰਮਤ ਹੈ ਤਾਂ ਸਿੱਧਾ ਉਹਨਾਂ ਤੇ ਕਾਰਵਾਈ ਕਰਨ, ਉਹ ਸੱਤਾਧਾਰੀਆਂ ਦੀਆਂ ਅਜਿਹੀਆਂ ਗਿੱਦੜ-ਧਮਕੀਆਂ ਤੋਂ ਕਿਸੇ ਵੀ ਕੀਮਤ ਤੇ ਡਰਨ ਵਾਲੇ ਨਹੀਂ ਹਨ। ਸ. ਸੁਖਬੀਰ ਸਿੰਘ ਬਾਦਲ ਵਲੋਂ ਇਹ ਬਿਆਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਬਹਿਬਲ ਕਲਾਂ ਪੁਲੀਸ ਗੋਲੀਬਾਰੀ ਮਾਮਲੇ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ ਦੇ ਸਾਹਮਣੇ ਦਰਜ ਕਰਵਾਏ ਗਏ ਬਿਆਨ ਤੋਂ ਬਾਅਦ ਦਿੱਤਾ ਗਿਆ ਹੈ ਜਿਸ ਬਾਰੇ ਚਰਚਾ ਹੈ ਕਿ ਇਸਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਲਈ ਕਾਨੂੰਨੀ ਅਤੇ ਸਿਆਸੀ ਮੁਸ਼ਕਲਾਂ ਕਾਫ਼ੀ ਜ਼ਿਆਦਾ ਵਧ ਸਕਦੀਆਂ ਹਨ।

ਇਸ ਮੌਕੇ ਸੁਖਬੀਰ ਬਾਦਲ ਨੇ ਕਿਹਾ ਕਿ ਨਹਿਰੀ ਮਾਮਲਿਆਂ ਦੇ ਗੰਭੀਰ ਮੁੱਦੇ ਤੇ ਭਗਵੰਤ ਮਾਨ ਸਰਕਾਰ ਪੰਜਾਬ ਦੇ ਕਿਸਾਨਾਂ ਨੂੰ ਲਗਾਤਾਰ ਗੁੰਮਰਾਹ ਕਰ ਰਹੀ ਹੈ। ਉਨ੍ਹਾਂ ਚਿੰਤਾ ਪ੍ਰਗਟਾਈ ਕਿ ਭਾਖੜਾ ਡੈਮ ਵਿੱਚ ਪਾਣੀ ਦਾ ਪੱਧਰ ਨਿਰੰਤਰ ਵਧ ਰਿਹਾ ਹੈ, ਪਰੰਤੂ ਸਰਕਾਰ ਪਿਛਲੀ ਵਾਰ ਦੀ ਤਰ੍ਹਾਂ ਇਸ ਵਾਰ ਵੀ ਪੂਰੀ ਤਰ੍ਹਾਂ ਅਵੇਸਲੀ ਬਣੀ ਬੈਠੀ ਹੈ ਅਤੇ ਕਿਸੇ ਵੱਡੇ ਖ਼ਤਰੇ ਨੂੰ ਸੱਦਾ ਦੇ ਰਹੀ ਹੈ।ਅਪ੍ਰੇਂਟਿਸ ਲਾਈਨ ਮੈਨ ਯੂਨੀਅਨ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਦਿਆਂ ਸੁਖਬੀਰ ਬਾਦਲ ਨੇ ਕਿਹਾ ਕਿ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਨੌਜਵਾਨਾਂ ਤੇ ਤਸ਼ੱਦਦ ਕੀਤਾ ਗਿਆ ਹੈ ਜਿਸਦੀ ਉਹ ਨਿਖੇਧੀ ਕਰਦੇ ਹਨ। ਉਨ੍ਹਾਂ ਕਿਹਾ ਕਿ ਆਮ ਲੋਕਾਂ ਦੀ ਗੱਲ ਕਰਨ ਵਾਲੀ ਸਰਕਾਰ ਦਾ ਅਸਲ ਚਿਹਰਾ ਹੁਣ ਸਭ ਦੇ ਸਾਹਮਣੇ ਆ ਚੁੱਕਾ ਹੈ।ਉਨ੍ਹਾਂ ਦਾਅਵਾ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਪੰਜਾਬ ਦੇ ਲੋਕਾਂ ਵੱਲੋਂ ਮਿਲ ਰਹੇ ਭਰਵੇਂ ਹੁੰਗਾਰੇ ਅਤੇ ਪਾਰਟੀ ਦੀ ਦਿਨੋ-ਦਿਨ ਵਧ ਰਹੀ ਚੜ੍ਹਤ ਨੂੰ ਵੇਖ ਕੇ 'ਆਪ' ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਬੁਰੀ ਤਰ੍ਹਾਂ ਘਬਰਾਏ ਹੋਏ ਹਨ, ਜਿਸ ਕਾਰਨ ਅਕਾਲੀ ਦਲ ਨੂੰ ਨਿਸ਼ਾਨਾ ਬਣਾਉਣ ਲਈ ਕੋਝੀਆਂ ਸਿਆਸੀ ਚਾਲਾਂ ਚੱਲੀਆਂ ਜਾ ਰਹੀਆਂ ਹਨ।

Samaj Weekly
ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## 9 ਦਿਨ ਬਾਅਦ ਦੂਜੀ ਵਾਰ ED ਦਫਤਰ ਪਹੁੰਚੇ ਵਿਧਾਇਕ ਰਮਨ ਅਰੋੜਾ



**ਜਲੰਧਰ:** ਮਨੀ ਲਾਂਡਰਿੰਗ ਮਾਮਲੇ ਵਿੱਚ ਕਾਂਗਰਸ ਦੇ ਪੂਰਵ ਵਿਧਾਇਕ ਕਿੱਕੀ ਢਿੱਲੋਂ ਤੋਂ ਬਾਅਦ ਹੁਣ ਆਪ ਪਾਰਟੀ ਦੇ ਵਿਧਾਇਕ ਰਮਨ ਅਰੋੜਾ ਈਡੀ (ED) ਦਫਤਰ ਪਹੁੰਚੇ ਹਨ। ਵਿਧਾਇਕ ਰਮਨ ਅਰੋੜਾ ਨੇ ਈਡੀ ਦਫ਼ਤਰ ਜਾਣ ਤੋਂ ਪਹਿਲਾਂ ਮੀਡੀਆ ਤੋਂ ਦੂਰੀ ਬਣਾਈ ਰੱਖੀ। ਈਡੀ ਅਧਿਕਾਰੀਆਂ ਵੱਲੋਂ ਰਮਨ ਅਰੋੜਾ ਨੂੰ ਦਫ਼ਤਰ ਵਿੱਚ ਪੇਸ਼ ਹੋਣ ਲਈ ਨੋਟਿਸ ਜਾਰੀ ਕੀਤਾ ਗਿਆ ਸੀ। ਦੱਸ ਦੇਈਏ ਕਿ ਈਡੀ ਵੱਲੋਂ ਵਿਧਾਇਕ ਰਮਨ ਅਰੋੜਾ ਨੂੰ ਨੋਟਿਸ ਜਾਰੀ ਹੋਣ ਦੇ ਚਲਦਿਆਂ 2 ਜੂਨ ਨੂੰ ਰਮਨ ਅਰੋੜਾ ਈਡੀ ਦਫ਼ਤਰ ਵਿੱਚ ਦਸਤਾਵੇਜ਼ ਲੈ ਕੇ ਪਹੁੰਚੇ ਸਨ ਅਤੇ ਉਸ ਦਿਨ ਵਿਧਾਇਕ ਰਮਨ ਅਰੋੜਾ ਕੋਲੋਂ ਈਡੀ ਨੇ ਸਾਢੇ ਅੱਠ ਘੰਟੇ ਪੁੱਛਗਿੱਛ ਕੀਤੀ ਸੀ। ਈਡੀ ਦਫ਼ਤਰ ਤੋਂ ਬਾਹਰ ਆਉਣ 'ਤੇ ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਈਡੀ ਨੇ ਪੁੱਛਗਿੱਛ ਕੀਤੀ ਹੈ, ਤਾਂ ਉਨ੍ਹਾਂ ਨੇ ਕੈਮਰੇ ਅੱਗੇ ਬੋਲਣ ਤੋਂ ਪਰਹੇਜ਼ ਕੀਤਾ ਸੀ। ਵਿਜੀਲੈਂਸ ਵੱਲੋਂ ਦਰਜ ਭ੍ਰਿਸ਼ਟਾਚਾਰ ਕੇਸ ਵਿੱਚ ਜ਼ਮਾਨਤ 'ਤੇ ਚੱਲ ਰਹੇ ਵਿਧਾਇਕ ਰਮਨ ਅਰੋੜਾ ਨੂੰ ਹੁਣ ਈਡੀ ਨੇ ਨੋਟਿਸ ਭੇਜਿਆ ਸੀ। ਵਿਜੀਲੈਂਸ ਬਿਊਰੋ ਪੰਜਾਬ ਵੱਲੋਂ ਦਰਜ ਕੀਤੀ ਗਈ ਐੱਫਆਈਆਰ (FIR) ਨੂੰ ਅਧਾਰ ਬਣਾ ਕੇ ਈਡੀ ਨੇ ਭ੍ਰਿਸ਼ਟਾਚਾਰ ਕੇਸ ਵਿੱਚ ਜਾਂਚ ਸ਼ੁਰੂ ਕੀਤੀ ਸੀ ਅਤੇ ਕੁਝ ਦਸਤਾਵੇਜ਼ ਮੰਗੇ ਸਨ। ਇਸੇ ਦੇ ਚਲਦਿਆਂ ਵਿਧਾਇਕ ਰਮਨ ਅਰੋੜਾ ਈਡੀ ਦਫ਼ਤਰ ਪਹੁੰਚੇ ਹਨ ਅਤੇ ਉਨ੍ਹਾਂ ਦੇ ਹੱਥ ਵਿੱਚ ਕਾਗਜ਼ਾਤ ਦੀ ਇੱਕ ਫਾਈਲ ਸੀ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : Devinder Chander
Mob: 07878 456 484

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਮੁਹਾਲੀ ਦੇ ਮੇਜਰ ਅਰਸ਼ਦੀਪ ਸਿੰਘ ਗਿੱਲ ਦਾ 'ਕੀਰਤੀ ਚੱਕਰ' ਨਾਲ ਸਨਮਾਨ



**ਮੁਹਾਲੀ।** ਮੁਹਾਲੀ ਦੇ ਸੈਕਟਰ-79 ਦੇ ਰਹਿਣ ਵਾਲੇ ਭਾਰਤੀ ਸੈਨਾ ਦੇ ਜਾਂਬਾਜ਼ ਅਫ਼ਸਰ ਮੇਜਰ ਅਰਸ਼ਦੀਪ ਸਿੰਘ ਗਿੱਲ ਨੇ ਪੂਰੇ ਸੂਬੇ ਅਤੇ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ। ਨਵੀਂ ਦਿੱਲੀ ਸਥਿਤ ਰਾਸ਼ਟਰਪਤੀ ਭਵਨ ਵਿਖੇ ਆਯੋਜਤ 'ਡਿਫ਼ੈਂਸ ਇਨਵੈਸਟੀਚਰ ਸੈਰੇਮਨੀ' (ਰਖਿਆ ਅਲੰਕਾਰ ਸਮਾਰੋਹ) ਦੌਰਾਨ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਵਲੋਂ ਉਨ੍ਹਾਂ ਨੂੰ ਦੇਸ਼ ਦੇ ਦੂਜੇ ਸੱਭ ਤੋਂ ਵੱਡੇ ਸ਼ਾਂਤੀਕਾਲੀਨ ਵੀਰਤਾ ਪੁਰਸਕਾਰ 'ਕੀਰਤੀ ਚੱਕਰ' ਨਾਲ ਸਨਮਾਨਤ ਕੀਤਾ ਗਿਆ। ਮੇਜਰ ਅਰਸ਼ਦੀਪ ਸਿੰਘ ਨੇ ਮਣੀਪੁਰ ਵਿਚ ਅਤਿਵਾਦੀਆਂ ਵਿਰੁਧ ਚਲੇ ਇਕ ਬੇਹੱਦ ਸੰਵੇਦਨਸ਼ੀਲ ਅਤੇ ਚੁਣੌਤੀਪੂਰਨ ਆਪ੍ਰੇਸ਼ਨ ਵਿਚ ਬੇਮਿਸਾਲ ਬਹਾਦਰੀ ਦਾ ਪ੍ਰਦਰਸ਼ਨ ਕੀਤਾ ਸੀ। ਮਣੀਪੁਰ 'ਚ ਅਤਿਵਾਦ ਵਿਰੁਧ ਚਲਾਇਆ ਗਿਆ ਇਹ ਕਾਊਂਟਰ-ਇੰਸਰਜੈਂਸੀ ਆਪ੍ਰੇਸ਼ਨ ਲਗਭਗ 84 ਘੰਟੇ (ਸਾਢੇ ਤਿੰਨ ਦਿਨ) ਤਕ ਚਲਿਆ ਸੀ। ਬੇਹੱਦ ਖ਼ਤਰਨਾਕ ਅਤੇ ਪ੍ਰਤੀਕੂਲ ਹਾਲਾਤ ਦੇ ਬਾਵਜੂਦ ਮੇਜਰ ਅਰਸ਼ਦੀਪ ਸਿੰਘ ਨੇ ਅੱਗੇ ਹੋ ਕੇ ਅਪਣੀ ਟੀਮ ਦੀ ਅਗਵਾਈ ਕੀਤੀ। ਉਨ੍ਹਾਂ ਅਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਇਸ ਮਿਸ਼ਨ ਨੂੰ ਸਫ਼ਲਤਾਪੂਰਵਕ ਅੰਜਾਮ ਤਕ ਪਹੁੰਚਾਇਆ। ਦਸਣਯੋਗ ਹੈ ਕਿ ਮੇਜਰ ਗਿੱਲ ਮੂਲ ਰੂਪ ਵਿਚ 'ਦ ਆਰਮਡ ਕਾਰਪਸ' ਦੇ ਅਧਿਕਾਰੀ ਹਨ ਅਤੇ ਮੌਜੂਦਾ ਸਮੇਂ ਵਿਚ ਉਹ '1 ਅਸਾਮ ਰਾਈਫ਼ਲਜ਼' ਦੇ ਨਾਲ ਤਾਇਨਾਤ ਹਨ। ਫ਼ੌਜ ਦੇ ਸੂਤਰਾਂ ਅਨੁਸਾਰ, ਮੇਜਰ ਗਿੱਲ ਨੇ ਬੇਹੱਦ ਖ਼ਤਰਨਾਕ ਹਾਲਾਤ 'ਚ ਵੀ ਅਦੁੱਤੀ ਪੇਸ਼ੇਵਰ ਹੁਨਰ ਤੇ ਬਹਾਦਰੀ ਦਿਖਾਈ। ਉਨ੍ਹਾਂ ਦੀ ਇਸ ਬਹਾਦਰੀ ਸਦਕਾ ਨਾ ਸਿਰਫ਼ ਮੁਹਾਲੀ ਬਲਕਿ ਪੂਰੇ ਪੰਜਾਬ ਅਤੇ ਦੇਸ਼ ਦਾ ਸਿਰ ਮਾਣ ਨਾਲ ਉੱਚਾ ਹੋਇਆ ਹੈ।

# ਪਦਮਜੀਤ ਸਿੰਘ ਮਹਿਤਾ ਦੂਜੀ ਵਾਰ ਬਣੇ ਬਠਿੰਡਾ ਦੇ ਮੇਅਰ



**ਬਠਿੰਡਾ :** ਬਠਿੰਡਾ ਨਗਰ ਨਿਗਮ ਚੋਣਾਂ ਵਿਚ ਆਮ ਆਦਮੀ ਪਾਰਟੀ ਨੂੰ ਦੋ ਤਿਹਾਈ ਬਹੁਮਤ ਦਿਵਾਉਣ ਵਾਲੇ ਸਾਬਕਾ ਮੇਅਰ ਪਦਮਜੀਤ ਸਿੰਘ ਮਹਿਤਾ ਮੁੜ ਬਠਿੰਡਾ ਦੇ ਮੇਅਰ ਚੁਣੇ ਗਏ ਹਨ। ਪੰਜਾਬ ਦੇ ਕੈਬਨਿਟ ਮੰਤਰੀ ਹਰਦੀਪ ਸਿਘ ਮੁੰਡੀਆਂ ਦੀ ਮੌਜੂਦਗੀ 'ਚ ਨਵੇਂ ਚੁਣੇ ਗਏ ਨਗਰ ਨਿਗਮ ਕੌਂਸਲਰਾਂ ਦੀ ਮੀਟਿੰਗ ਦੌਰਾਨ ਇਹ ਫੈਸਲਾ ਲਿਆ ਗਿਆ। ਇਸ ਦੌਰਾਨ ਮੇਅਰ ਦੇ ਅਹੁਦੇ ਲਈ ਪਦਮਜੀਤ ਸਿੰਘ ਮਹਿਤਾ ਦੇ ਨਾਮ 'ਤੇ ਸਹਿਮਤੀ ਪ੍ਰਗਟ ਕੀਤੀ ਗਈ ਅਤੇ ਕੌਂਸਲਰਾਂ ਨੇ ਉਨ੍ਹਾਂ ਉੱਪਰ ਮੁੜ ਵਿਸ਼ਵਾਸ ਜਤਾਇਆ। ਜਾਣਕਾਰੀ ਅਨੁਸਾਰ ਨਗਰ ਨਿਗਮ ਦੇ ਕੁੱਲ 50 ਕੌਂਸਲਰਾਂ ਵਿਚੋਂ 38 ਕੌਂਸਲਰਾਂ ਨੇ ਹੱਥ ਖੜੇ ਕਰਕੇ ਉਨ੍ਹਾਂ ਦੇ ਹੱਕ ਵਿਚ ਸਮਰਥਨ ਦਿੱਤਾ।

# ਭਾਰਤੀ ਏਅਰ ਫ਼ੋਰਸ 'ਚ ਕਮਿਸ਼ਨਡ ਅਫ਼ਸਰ ਬਣੀ ਗੁਰਸਲੀਨ ਕੌਰ

**ਦਸੂਹਾ/ਹੁਸ਼ਿਆਰਪੁਰ**



ਸਥਾਨਕ ਬੀਬੀਐਮਬੀ ਡੀਏਵੀ ਪਬਲਿਕ ਸਕੂਲ ਤੋਂ ਮੁਢਲੀ ਸਿਖਿਆ ਹਾਸਲ ਹੋਣਹਾਰ ਬੇਟੀ ਗੁਰਸਲੀਨ ਕੌਰ ਭਾਰਤੀ ਏਅਰ ਫ਼ੋਰਸ 'ਚ ਕਮਿਸ਼ਨਡ ਅਧਿਕਾਰੀ ਬਣ ਕੇ ਅਸਮਾਨ 'ਚ ਉਡਾਣ ਭਰਨ ਲਈ ਤਿਆਰ ਹੈ। ਬੀਬੀਐਮਬੀ 'ਚ ਬਤੌਰ ਐਸਡੀਓ ਪਿਤਾ ਧਰਮਿੰਦਰ ਸਿੰਘ ਵੜੈਚ ਨੇ ਦਸਿਆ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਐਮ.ਐਸੀ.ਸੀ. ਫ਼ਿਜ਼ੀਕਸ (ਆਨਰਜ਼) ਅਤੇ ਐਮਏ ਇੰਗਲਿਸ਼ ਪਾਸ ਗੁਰਸਲੀਨ ਕੌਰ ਨੇ ਬੇਹੱਦ ਸਖ਼ਤ ਮਕਾਬਲੇ 'ਚ ਏਅਰ ਫ਼ੋਰਸ ਕਮਿਸ਼ਨਡ ਅਫ਼ਸਰ ਦੀ ਪ੍ਰੀਖਿਆ ਪਾਸ ਕੀਤੀ ਹੈ। ਗੁਰਸਲੀਨ ਕੌਰ ਦੀ ਕਾਮਯਾਬੀ ਨੇ ਸਿੱਧ ਕਰ ਦਿਤਾ ਹੈ ਕਿ ਜੇਕਰ ਇਰਾਦੇ ਪੱਕੇ ਹੋਣ ਤਾਂ ਅਸਮਾਨ ਵੀ ਛੋਟਾ ਪੈ ਜਾਂਦਾ ਹੈ। ਉਨ੍ਹਾਂ ਦਸਿਆ ਕਿ ਉਹ ਤਿੰਨ ਵਾਰ ਸਰਵਿਸ ਸਿਲੈਕਸ਼ਨ ਬੋਰਡ ਅਤੇ ਏਅਰ ਫ਼ੋਰਸ ਸਿਲੈਕਸ਼ਨ ਬੋਰਡ ਲਈ ਚੁਣੀ ਜਾ ਚੁੱਕੀ ਹੈ। ਲੰਘੇ ਸਾਲ ਅਗੱਸਤ ਮਹੀਨੇ ਹੋਈ ਲਿਖਤੀ ਪ੍ਰੀਖਿਆ 'ਚ ਬਾਜ਼ੀ ਮਾਰ ਕੇ ਉਸ ਨੇ ਅਪਣੇ ਸਾਲਾਂ ਦੇ ਸੁਪਨੇ ਨੂੰ ਹਕੀਕਤ 'ਚ ਬਦਲ ਦਿਤਾ ਹੈ।

ਏਅਰ ਫ਼ੋਰਸ 'ਚ ਅਫ਼ਸਰ ਲਈ ਟੈਕਨੀਕਲ ਗਿਆਨ ਦੇ ਨਾਲ-ਨਾਲ ਸੰਚਾਰ ਕਲਾ ਵੀ ਜ਼ਰੂਰੀ ਹੈ, ਗੁਰਸਲੀਨ ਕੌਰ ਨੂੰ ਦੋਹਾਂ 'ਚ ਮੁਹਾਰਤ ਹਾਸਲ ਹੈ। ਉਨ੍ਹਾਂ ਦਸਿਆ ਕਿ ਆਲ ਇੰਡਿਆ ਪੱਧਰ 'ਤੇ ਲੜਕੀਆਂ ਲਈ 24 ਸੀਟਾਂ ਹਨ, ਐਤਕੀ ਪੰਜਾਬ 'ਚੋਂ ਸਿਰਫ਼ ਦੋ ਕੁੜੀਆਂ ਦੀ ਚੋਣ ਹੋਈ ਹੈ ਅਤੇ ਦੂਜਾ ਤਲਵਾੜਾ ਦੀ ਧੀ ਗੁਰਸਲੀਨ ਨੇ ਹਾਸਲ ਕੀਤਾ ਹੈ। ਉਸ ਨੇ ਆਲ ਇੰਡਿਆ ਪੱਧਰ 'ਤੇ 35ਵਾਂ ਰੈਂਕ ਹਾਸਲ ਕੀਤਾ ਹੈ।ਜੋ ਕਿ ਪੰਜਾਬ ਦੀਆਂ ਹਜ਼ਾਰਾਂ ਬੇਟੀਆਂ ਲਈ ਪ੍ਰੇਰਣਾ ਸਰੋਤ ਹੈ। ਇੰਜਨੀਅਰ ਪਿਤਾ ਧਰਮਿੰਦਰ ਸਿੰਘ ਅਤੇ ਮਾਤਾ ਜਸਪਾਲ ਕੌਰ, ਲੈਕਚਰਾਰ ਅਰਥਸ਼ਾਸਤਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੈਕਟਰ 3 ਤਲਵਾੜਾ ਵਲੋਂ ਅਪਣੀ ਧੀ ਨੂੰ ਸੰਸਕਾਰ, ਅਨੁਸ਼ਾਸਨ ਅਤੇ ਮਿਹਨਤ ਦੀ ਦਿਤੀ ਗੁੜ੍ਹਤੀ ਰੰਗ ਲਿਆਈ ਹੈ।




# ਪਿੰਡ ਮਾਣੂੰਕੇ 'ਚ ਘਰ ਦੇ ਗੇਟ 'ਤੇ ਅਣਪਛਾਤਿਆਂ ਵੱਲੋਂ ਫਾਇਰਿੰਗ

**ਰਾਏਕੋਟ, ਜੂਨ :ਗੁਰਭਿੰਦਰ ਗੁਰੀ** ਮਾਣੂੰਕੇ ਵਿੱਚ ਦੇਰ ਰਾਤ ਉਸ ਸਮੇਂ ਦਹਿਸ਼ਤ ਦਾ ਮਾਹੌਲ ਬਣ ਗਿਆ ਜਦੋਂ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਇੱਕ ਘਰ ਦੇ ਬਾਹਰ ਫਾਇਰਿੰਗ ਕਰ ਦਿੱਤੀ ਗਈ। ਇਸ ਘਟਨਾ ਕਾਰਨ ਇਲਾਕੇ ਦੇ ਲੋਕਾਂ ਵਿੱਚ ਵੀ ਡਰ ਅਤੇ ਚਿੰਤਾ ਦਾ ਮਾਹੌਲ ਪਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਗਟ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਮਾਣੂੰਕੇ ਨੇ ਦੱਸਿਆ ਕਿ ਰਾਤ ਕਰੀਬ 12:30 ਵਜੇ ਕੁਝ ਵਿਅਕਤੀ ਉਸ ਦੇ ਘਰ ਦੇ ਬਾਹਰ ਮੋਟਰਸਾਇਕਲ ਤੇ ਆਏ ਹਮਲਾਵਰਾਂ ਵੱਲੋਂ ਘਰ ਦੇ ਮੁੱਖ ਗੇਟਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ 7 ਤੋਂ 8 ਰਾਊਂਡ ਫਾਇਰ ਕੀਤੇ ਗਏ। ਗੋਲੀਆਂ ਲੱਗਣ ਕਾਰਨ ਗੇਟ ਨੂੰ ਨੁਕਸਾਨ ਪੁੱਜਿਆ, ਜਦਕਿ ਪਰਿਵਾਰਕ ਮੈਂਬਰ ਵਾਲ-ਵਾਲ ਬਚ ਗਏ। ਇਸ ਸਬੰਧੀ ਪੀੜ੍ਹਤ ਪ੍ਰਗਟ ਸਿੰਘ ਨੇ ਦੱਸਿਆ ਕਿ ਫਾਇਰਿੰਗ ਦੀ ਆਵਾਜ਼ ਸੁਣ ਕੇ ਪਰਿਵਾਰਕ ਮੈਂਬਰ ਡਰ ਗਏ ਅਤੇ ਘਰ ਅੰਦਰ ਹੀ ਰਹੇ।

ਘਟਨਾ ਤੋਂ ਬਾਅਦ ਪੂਰਾ ਪਰਿਵਾਰ ਸਹਿਮਿਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਨਿੱਜੀ ਰੰਜਿਸ਼ ਕਾਰਨ ਇਹ ਘਟਨਾ ਵਾਪਰੀ ਹੈ। ਉਨ੍ਹਾਂ ਪੁਲਿਸ ਪ੍ਰਸ਼ਾਸਨ ਤੋਂ ਮਾਮਲੇ ਦੀ ਨਿਰਪੱਖ ਜਾਂਚ ਕਰਕੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਪੀੜ੍ਹਤ ਪਰਿਵਾਰ ਅਨੁਸਾਰ ਸਾਰੀ ਘਟਨਾ ਘਰ ਦੇ ਬਾਹਰ ਲੱਗੇ ਸੀਸੀਟੀਵੀ ਕੈਮਰਿਆਂ ਵਿੱਚ ਕੈਦ ਹੋ ਗਈ ਹੈ। ਫੁਟੇਜ



ਵਿੱਚ ਕੁਝ ਸ਼ੱਕੀ ਵਿਅਕਤੀਆਂ ਘਰ ਦੇ ਅੱਗੇ ਗੋਲੀਆ ਚਲਾਉਂਦੇ ਨਜਰ ਆ ਰਹੇ ਹਨ। ਜਿਨ੍ਹਾਂ ਦੇ ਆਧਾਰ 'ਤੇ ਪੁਲਿਸ ਜਾਂਚ ਨੂੰ ਅੱਗੇ ਵਧਾ ਰਹੀ ਹੈ ਘਟਨਾ ਦੀ ਸੂਚਨਾ ਮਿਲਦਿਆਂ ਹੀ ਥਾਣਾ ਸੀ.ਆਈ.ਏ. ਸਟਾਫ ਦੇ ਇੰਚਾਰਜ ਇੰਸਪੈਕਟਰ ਅੰਮ੍ਰਿਤਪਾਲ ਸਿੰਘ, ਥਾਣਾ ਹਠੂਰ ਦੇ ਇੰਚਾਰਜ ਗੁਰਸੇਵਕ ਸਿੰਘ ਅਤੇ ਪੁਲਿਸ ਪਾਰਟੀ ਮੌਕੇ 'ਤੇ ਪਹੁੰਚੀ। ਪੁਲਿਸ ਨੇ ਮੌਕੇ ਦਾ ਜਾਇਜ਼ਾ ਲੈ ਕੇ ਸਬੂਤ ਇਕੱਠੇ ਕੀਤੇ ਅਤੇ ਇਲਾਕੇ ਦੇ ਲੋਕਾਂ ਤੋਂ ਪੁੱਛਗਿੱਛ ਵੀ ਕੀਤੀ। ਫੋਰੈਂਸਿਕ ਅਤੇ ਤਕਨੀਕੀ ਸਬੂਤਾਂ ਦੇ ਆਧਾਰ 'ਤੇ ਵੱਖ-ਵੱਖ ਪਹਿਲੂਆਂ ਤੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਸੀਸੀਟੀਵੀ ਫੁਟੇਜ ਅਤੇ ਹੋਰ ਸਬੂਤਾਂ ਦੀ ਜਾਂਚ ਕੀਤੀ ਜਾ ਰਹੀ ਹੈ। ਜਾਂਚ ਪੂਰੀ ਹੋਣ ਉਪਰੰਤ ਦੋਸ਼ੀਆਂ ਦੀ ਪਛਾਣ ਕਰਕੇ ਉਨ੍ਹਾਂ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਸ ਘਟਨਾ ਤੋਂ ਬਾਅਦ ਪਿੰਡ ਵਿੱਚ ਸੁਰੱਖਿਆ ਨੂੰ ਲੈ ਕੇ ਵੀ ਚਰਚਾ ਛਿੜ ਗਈ ਹੈ ਅਤੇ ਲੋਕਾਂ ਨੇ ਦੋਸ਼ੀਆਂ ਨੂੰ ਜਲਦ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ। ਇਥੇ ਇਹ ਵੀ ਦੱਸਣਯੋਗ ਹੈ ਕਿ ਇਸ ਮਾਮਲੇ ਨਾਲ ਜੁੜੀਆਂ ਦੋਵੇਂ ਧਿਰਾਂ ਸੱਤਾਧਾਰੀ ਧਿਰ ਆਮ ਆਦਮੀ ਪਾਰਟੀ ਨਾਲ ਜੁੜੀਆਂ ਹੋਈਆਂ ਹਨ ਤੇ ਦੋਸ਼ ਕਰਤਾ ਧਿਰ ਵੱਲੋਂ ਲੰਘੀਆਂ ਬਲਾਕ ਸੰਮਤੀ ਚੋਣਾਂ 'ਚ ਦੂਜੀ ਧਿਰ ਨੂੰ ਖੁੱਲ ਕੇ ਮਦਦ ਵੀ ਕੀਤੀ ਗਈ ਸੀ ਪ੍ਰੰਤੂ ਜਿੱਤ ਉਪਰੰਤ ਦੂਜੀ ਧਿਰ ਅਤੇ ਸ਼ਿਕਾਇਤ ਕਰਤਾ ਵਿਚਾਲੇ ਮਾਮੂਲੀ ਖਟਾਸ ਪੈਦਾ ਹੋ ਗਈ ਤੇ ਆਖਿਰ ਇਹ ਭਾਣਾ ਵਾਪਰ ਗਿਆ। ਇਸ ਸਬੰਧੀ ਮੁਰਾਦ ਜਸਵੀਰ ਸਿੰਘ ਗਿੱਲ ਡੀ.ਐਸ.ਪੀ. ਰਾਏਕੋਟ ਨੇ ਕਿਹਾ ਕਿ 10-11 ਜੂਨ ਦੀ ਰਾਤ ਨੂੰ ਪਿੰਡ ਮਾਣੂੰਕੇ ਚ ਫਾਇਰਿੰਗ ਹੋਈ ਸੀ ਅਤੇ ਐਸ.ਐਚ.ਓ. ਹਠੂਰ ਗੁਰਸੇਵਕ ਸਿੰਘ ਨੇ ਪੁਲਿਸ ਪਾਰਟੀ ਸਮੇਤ ਪੁਹੰਚ ਕੇ ਜਾਂਚ ਆਰੰਭ ਦਿੱਤੀ ਹੈ ਅਤੇ ਸੀ ਸੀ ਟੀ ਵੀ ਕੈਮਰੇ ਦੀਆਂ ਫੁਟੇਜ ਖੰਗਾਲ ਕੇ ਦੋਸ਼ੀ ਫੜ ਲਏ ਜਾਣਗੇ ਅਤੇ ਨਿਰਪੱਖ ਜਾਂਚ ਹੋਵੇਗੀ, ਜੋ ਵੀ ਦੋਸ਼ੀ ਪਾਇਆ ਗਿਆ ਕਾਰਵਾਈ ਹੋਵੇਗੀ। ਇਸ ਸਬੰਧੀ ਹਠੂਰ ਦੇ ਇੰਚਾਰਜ ਗੁਰਸੇਵਕ ਸਿੰਘ ਨੇ ਕਿਹਾ ਕਿ ਦੋਸੀਆ ਖਿਲਾਫ ਮਾਮਲਾ ਦਰਜ ਕੀਤਾ ਜਾ ਰਿਹਾ ਹੈ।

# ਕਾਠਗੜ੍ਹ ਹਸਪਤਾਲ ਦੇ ਮੁੱਦੇ 'ਤੇ ਕਾਂਗਰਸੀ ਆਗੂ ਸੁਰਿੰਦਰ ਸ਼ਿੰਦਾ ਅਤੇ ਧਰਮਪਾਲ ਭਰਥਲਾ ਵਲੋਂ ਵਿਰੋਧੀਆਂ 'ਤੇ ਤਿੱਖੇ ਸਿਆਸੀ ਹਮਲੇ

## ਕਾਂਗਰਸ ਸਰਕਾਰ ਵੇਲੇ ਬਣੇ ਹਸਪਤਾਲ ਦਾ 'ਆਪ' ਨੇ ਕੀਤਾ ਉਜਾੜਾ, ਵਿਰੋਧਤਾ ਕਰਨ ਵਾਲੇ ਭਾਜਪਾ ਆਗੂ ਆਮ ਆਦਮੀ ਪਾਰਟੀ ਦੀ 'ਬੀ-ਟੀਮ' ਵਜੋਂ ਕਰ ਰਹੇ ਨੇ ਕੰਮ ਕਾਂਗਰਸੀ ਆਗੂ

**ਨਵਾਂਸ਼ਹਿਰ , 11 ਜੂਨ (ਜਤਿੰਦਰ ਪਾਲ ਸਿੰਘ ਕਲੇਰ ):** ਕਾਠਗੜ੍ਹ ਦੇ ਸਰਕਾਰੀ ਹਸਪਤਾਲ ਦੀ ਖਸਤਾ ਹਾਲਤ ਨੂੰ ਲੈ ਕੇ ਇਲ-ਾਕੇ ਦੀ ਸਿਆਸਤ ਪੂਰੀ ਤਰ੍ਹਾਂ ਭੜਕ ਗਈ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਵੱਲੋਂ ਬੀਤੇ ਦਿਨੀਂ ਕਾਠਗੜ੍ਹ ਹਸਪਤਾਲ ਦਾ ਦੌਰਾ ਕਰਕੇ ਉੱਥੋਂ ਦੇ ਮਾੜੇ ਪ੍ਰਬੰਧਾਂ, ਬੰਦ ਪਏ ਆਪ੍ਰੇਸ਼ਨ ਥੀਏਟਰ ਅਤੇ ਡਾਕਟਰਾਂ ਦੀ ਕਮੀ ਨੂੰ ਜਨਤਕ ਕਰਨ ਤੋਂ ਬਾਅਦ ਵਿਰੋਧੀ ਪਾਰਟੀਆਂ ਵੱਲੋਂ ਕੀਤੀ ਜਾ ਰਹੀ ਬਿਆਨਬਾਜ਼ੀ 'ਤੇ ਕਾਂਗਰਸ ਨੇ ਕਰਾਰਾ ਜਵਾਬ ਦਿੱਤਾ ਹੈ। ਇਸ ਸਬੰਧੀ ਸਾਂਝਾ ਬਿਆਨ ਜਾਰੀ ਕਰਦਿਆਂ ਸੀਨੀਅਰ ਕਾਂਗਰਸੀ ਆਗੂ ਸੁਰਿੰਦਰ ਸ਼ਿੰਦਾ ਪ੍ਰਧਾਨ ਰੈਲ ਮਾਜਰਾ ਪ੍ਰਧਾਨ ਅਤੇ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਸਾਬਕਾ ਚੇਅਰਮੈਨ ਧਰਮਪਾਲ ਪਵਾਰ ਭਰਥਲਾ ਨੇ ਵਿਰੋਧੀਆਂ, ਖ਼ਾਸ ਕਰਕੇ ਭਾਜਪਾ ਆਗੂਆਂ ਦੇ ਬਿਆਨਾਂ ਨੂੰ ਪੂਰੀ ਤਰ੍ਹਾਂ ਝੂਠਾ ਅਤੇ ਗੁਮਰਾਹਕੁੰਨ ਕਰਾਰ ਦਿੱਤਾ ਹੈ। ਕਾਂਗਰਸੀ ਆਗੂਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਿੱਥੇ ਆਮ ਆਦਮੀ ਪਾਰਟੀ ਪੂਰੇ ਪੰਜਾਬ ਵਿੱਚ ਸਿੱਖਿਆ ਅਤੇ



ਸਿਹਤ ਕ੍ਰਾਂਤੀ ਦਾ ਝੂਠਾ ਢੰਡੋਰਾ ਪਿੱਟ ਰਹੀ ਹੈ, ਉੱਥੇ ਹੀ ਰਾਜਾ ਵੜਿੰਗ ਨੇ ਕਾਠਗੜ੍ਹ ਹਸਪਤਾਲ ਦੀ ਅਸਲ ਅਤੇ ਤਰਸਯੋਗ ਤਸਵੀਰ ਸਾਹਮਣੇ ਲਿਆ ਕੇ ਸਰਕਾਰ ਦੇ ਦਾਅਵਿਆਂ ਦੀ ਫੂਕ ਕੱਢ ਦਿੱਤੀ ਹੈ। ਉਨ੍ਹਾਂ ਹੈਰਾਨੀ ਜਤਾਈ ਕਿ ਹਸਪਤਾਲ ਦੀ ਇਸ ਬਦਹਾਲੀ 'ਤੇ ਆਮ ਆਦਮੀ ਪਾਰਟੀ ਦੇ ਵਿਧਾਇਕ, ਹਲਕਾ ਪ੍ਰਧਾਨ ਜਾਂ ਬੁਲਾਰੇ ਤਾਂ ਸਾਹਮਣੇ ਆ ਕੇ ਜਵਾਬ ਨਹੀਂ ਦੇ ਸਕੇ, ਪਰ ਉਨ੍ਹਾਂ ਦੀ 'ਬੀ-ਟੀਮ' ਵਜੋਂ ਕੰਮ ਕਰ ਰਹੀ ਭਾਜਪਾ ਦੇ ਆਗੂ ਕਾਂਗਰਸ ਸਿਰ ਭਾਂਡਾ ਭੰਨਣ ਲਈ ਤੁਰੰਤ ਮੈਦਾਨ ਵਿੱਚ ਨਿੱਤਰ ਆਏ ਹਨ।

ਪ੍ਰਧਾਨ ਸੁਰਿੰਦਰ ਸ਼ਿੰਦਾ ਰੈਲਮਾਜਰਾ ਅਤੇ ਧਰਮਪਾਲ ਭਰਥਲਾ ਨੇ ਰਿਕਾਰਡ ਦਾ ਹਵਾਲਾ ਦਿੰਦਿਆਂ ਸਾਫ਼ ਕੀਤਾ ਕਿ ਇਹ ਹਸਪਤਾਲ ਕਾਂਗਰਸ ਪਾਰਟੀ ਦੀ ਦੇਣ ਹੈ, ਜਿਸ ਨੂੰ ਐਮ.ਪੀ. ਰਵਨੀਤ ਸਿੰਘ ਬਿੱਟੂ ਤੋਂ ਗਰਾਂਟਾਂ ਦਿਵਾ ਕੇ ਅਤੇ ਕਹਿ ਕੇ ਵੱਡੇ ਪੱਧਰ 'ਤੇ ਮਨਜ਼ੂਰ ਕਰਵਾਇਆ ਗਿਆ ਸੀ। ਸਾਲ 2017 ਤੋਂ 2022 ਤੱਕ ਕਾਂਗਰਸ ਸਰਕਾਰ ਦੇ ਸਮੇਂ ਅਤੇ ਤਤਕਾਲੀ ਵਿਧਾਇਕ ਚੌਧਰੀ ਦਰਸ਼ਨ ਲਾਲ ਦੀ ਅਗਵਾਈ ਹੇਠ ਇੱਥੇ ਬਕਾਇਦਾ ਐਸ.ਐਮ.ਓ , ਲੇਡੀ ਡਾਕਟਰ ਅਤੇ ਗਾਇਨੀ ਦੇ ਮਾਹਿਰ ਡਾਕਟਰਾਂ ਸਮੇਤ ਹੋਰ ਕਈ ਸਪੈਸ਼ਲਿਸਟ ਡਾਕਟਰ ਤਾਇਨਾਤ ਕੀਤੇ ਗਏ ਸਨ, ਜੋ ਬਲਾਚੌਰ ਦੇ ਨਾਲ-ਨਾਲ ਇੱਥੇ ਵੀ ਆਪਣੀ ਡਿਊਟੀ ਨਿਭਾਉਂਦੇ ਸਨ ਅਤੇ ਉਸ ਸਮੇਂ ਹਸਪਤਾਲ ਵਿੱਚ ਮਰੀਜ਼ਾਂ ਦੀਆਂ ਰੌਣਕਾਂ ਲੱਗੀਆਂ ਰਹਿੰਦੀਆਂ ਸਨ। ਉਨ੍ਹਾਂ ਭਾਜਪਾ ਆਗੂਆਂ 'ਤੇ ਤਨਜ਼ ਕੱਸਦਿਆਂ ਕਿਹਾ ਕਿ ਜੋ ਲੋਕ ਅੱਜ ਅਖ਼ਬਾਰਾਂ ਵਿੱਚ ਸੁਰਖੀਆਂ ਬਟੋਰਨ ਲਈ ਬਿਆਨ ਦੇ ਰਹੇ ਹਨ, ਉਹ ਸ਼ਾਇਦ ਕਦੇ ਹਸਪਤਾਲ ਦੇ ਅੰਦਰ ਗਏ ਹੀ ਨਹੀਂ, ਕਿਉਂਕਿ ਉਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਹਸਪਤਾਲ ਦੇ ਕਮਰੇ ਕਿੰਨੇ ਹਨ, ਐਕਸਰੇਅ ਰੂਮ, ਸਕੈਨ ਰੂਮ ਜਾਂ ਲੈਬਾਰਟਰੀ ਕਿੱਥੇ ਹੈ। ਕਾਂਗਰਸੀ ਆਗੂਆਂ ਨੇ ਦੋਸ਼ ਲਾਇਆ ਕਿ ਭਾਜਪਾ, ਆਮ ਆਦਮੀ ਪਾਰਟੀ ਅਤੇ ਅਕਾਲੀ ਦਲ ਅੰਦਰਖਾਤੇ ਮਿਲੇ ਹੋਏ ਹਨ ਅਤੇ ਬਲਾਕ ਸੰਮਤੀ ਤੋਂ ਲੈ ਕੇ ਸ਼ਹਿਰੀ ਚੋਣਾਂ ਤੱਕ ਇਹਨਾਂ ਨੇ ਵਾਰਡ ਵੰਡ ਕੇ ਆਪਸ ਵਿੱਚ ਮਿਲ ਕੇ ਚੋਣਾਂ ਲੜੀਆਂ ਹਨ, ਜਿਨ੍ਹਾਂ ਦਾ ਇੱਕੋ-ਇੱਕ ਮਕਸਦ ਕਾਂਗਰਸ ਦਾ ਵਿਰੋਧ ਕਰਨਾ ਹੈ। ਉਨ੍ਹਾਂ ਸਵਾਲ ਚੁੱਕਿਆ ਕਿ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਜਦੋਂ ਬਲਾਚੌਰ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਦਿਨ-ਦਿਹੜੇ ਗੋਲੀਆਂ ਚੱਲੀਆਂ, ਗੁੰਡਾਗਰਦੀ ਹੋਈ, ਅਧਿਆਪਕਾਂ ਤੇ ਲਾਈਨਮੈਨਾਂ 'ਤੇ ਅੱਤਿਆਚਾਰ ਹੋਏ ਅਤੇ ਨੀਟ ਪੇਪਰ ਲੀਕ ਵਰਗੇ ਘੁਟਾਲੇ ਹੋਏ, ਉਦੋਂ ਭਾਜਪਾ ਜਾਂ ਹੋਰ ਕਿਸੇ ਪਾਰਟੀ ਨੇ ਮੌਜੂਦਾ ਸਰਕਾਰ ਖ਼ਿਲਾਫ਼ ਮੂੰਹ ਨਹੀਂ ਖੋਲ੍ਹਿਆ, ਕਿਉਂਕਿ ਇਹ ਸਾਰੇ ਸਰਕਾਰ ਦੇ ਦਬਾਅ ਹੇਠ ਡਰੇ ਹੋਏ ਹਨ। ਉਨ੍ਹਾਂ ਅਖੀਰ ਵਿੱਚ ਕਿਹਾ ਕਿ ਸਿਰਫ਼ ਕਾਂਗਰਸ ਪਾਰਟੀ ਅਤੇ ਉਨ੍ਹਾਂ ਦੇ ਜਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਹੀ ਲੋਕਾਂ ਦੇ ਮੁੱਦਿਆਂ 'ਤੇ ਡਟ ਕੇ ਲੜ ਰਹੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਇਲਾਕੇ ਦੇ ਲੋਕਾਂ ਦੇ ਹੱਕਾਂ ਦੀ ਆਵਾਜ਼ ਬੁਲੰਦ ਰੱਖੀ ਜਾਵੇਗੀ।

# ਸਿਟੀ ਬਲਾਚੌਰ ਪੁਲਿਸ ਵੱਲੋਂ ਮੈਡੀਕਲ ਨਸ਼ੇ ਸਮੇਤ ਦੋ ਨੌਜਵਾਨ ਕਾਬੂ



**ਬਲਾਚੌਰ, 11 ਜੂਨ (ਜਤਿੰਦਰਪਾਲ ਸਿੰਘ ਕਲੇਰ) :** ਇਲ-ਾਕੇ ਵਿੱਚ ਨਸ਼ਾ ਤਸਕਰਾਂ ਅਤੇ ਸਮਾਜ ਵਿਰੋਧੀ ਅਨਸਰਾਂ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਥਾਣਾ ਸਿਟੀ ਬਲਾਚੌਰ ਦੀ ਪੁਲਿਸ ਨੂੰ ਉਸ ਸਮੇਂ ਇੱਕ ਵੱਡੀ ਸਫ਼ਲਤਾ ਮਿਲੀ ਜਦੋਂ ਗਸ਼ਤ ਅਤੇ ਚੈਕਿੰਗ ਦੌਰਾਨ ਦੋ ਨੌਜਵਾਨਾਂ ਨੂੰ ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਇੰਸਪੈਕਟਰ ਰਾਜ ਪਰਵਿੰਦਰ ਕੌਰ ਅਤੇ ਐਸ.ਆਈ. ਸੁਖਵਿੰਦਰ ਕੁਮਾਰ ਸਮੇਤ ਸਾਥੀ ਕਰਮਚਾਰੀਆਂ ਦੇ ਮੰਢੀਆਣੀ ਗੇਟ ਤੋਂ ਹੁੰਦੇ ਹੋਏ ਪਿੰਡ ਮੰਢਿਆਣੀ ਵੱਲ ਗਸ਼ਤ 'ਤੇ ਜਾ ਰਹੇ ਸਨ, ਤਾਂ ਸੜਕ ਕਿਨਾਰੇ ਦੋ ਨੌਜਵਾਨ ਸ਼ੱਕੀ ਹਾਲਤ ਵਿੱਚ ਖੜ੍ਹੇ ਦਿਖਾਈ ਦਿੱਤੇ। ਪੁਲਿਸ ਪਾਰਟੀ ਨੇ ਮੁਸਤੈਦੀ ਦਿਖਾਉਂਦੇ ਹੋਏ ਤੁਰੰਤ ਦੋਵਾਂ ਨੌਜਵਾਨਾਂ ਦੀ ਤਲਾਸ਼ੀ ਕਰਦਿਆਂ 32 ਨਸ਼ੀਲੀਆਂ ਗੋਲ਼ੀਆਂ ਬਰਾਮਦ ਕੀਤੀਆਂ। ਮੁਲਜ਼ਮਾਂ ਦੀ ਪਛਾਣ ਮਨੀਸ਼ ਕੁਮਾਰ ਉਰਫ਼ ਮਨੀ ਪੁੱਤਰ ਕਮਲਜੀਤ ਅਤੇ ਅਜੇ ਸਿੰਘ ਪੁੱਤਰ ਸੁਰਜੀਤ ਸਿੰਘ, ਦੋਵੇਂ ਵਾਸੀਆਨ ਪਿੰਡ ਬੂਲੇਵਾਲ, ਥਾਣਾ ਸਿਟੀ ਬਲਾਚੌਰ ਵਜੋਂ ਹੋਈ। ਪੁਲਿਸ ਨੇ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਇੰਟਰਨੈਸ਼ਨਲ ਪੰਥਕ ਦਲ ਨੇ ਦਰਸ਼ਨ ਸਿੰਘ ਹਠੂਰ ਦੀ ਬਾਹ ਫੜੀ

**ਰਾਏਕੋਟ, ਜੂਨ :ਗੁਰਭਿੰਦਰ ਗੁਰੀ।** ਕੌਮੀ ਸ਼ਹੀਦ ਸਾਬਕਾ ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਭਾਈ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ ਕਤਲ ਕੇਸ ਦੇ ਮੁੱਖ ਗਵਾਹ ਭਾਈ ਦਰਸ਼ਨ ਸਿੰਘ ਹਠੂਰ ਸਖਤ ਬਿਮਾਰ ਹੋਣ ਕਰਕੇ ਮੌਜੂਦਾ ਸਮੇਂ ਅੰਤਾ ਦੀ ਆਰਥਿਕ ਮੰਦੀ ਝੱਲ ਰਹੇ ਹਨ ਅਤੇ ਅਨੇਕਾ ਸਮੱਸਿਆਵਾ ਵਿਚੋ ਦੀ ਲੰਘ ਰਹੇ ਹਨ।ਜਿਨ੍ਹਾ ਦਾ ਹਾਲ ਜਾਨਣ ਲਈ ਅੱਜ ਉਨ੍ਹਾ ਦੇ ਗ੍ਰਹਿ ਹਠੂਰ ਵਿਖੇ ਇੰਟਰਨੈਸ਼ਨਲ ਪੰਥਕ ਦਲ ਆਲ ਇੰਡੀਆ ਦੇ ਕਨਵੀਨਰ ਜਥੇਦਾਰ ਦਲੀਪ ਸਿੰਘ ਚਕਰ ਆਪਣੀ ਟੀਮ ਸਮੇਤ ਪਹੁੰਚੇ ਤਾਂ ਉਨ੍ਹਾ ਨਾਲ ਲੰਮਾ ਸਮਾਂ ਉਨ੍ਹਾ ਦੀਆ ਦੁੱਖ ਤਕਲੀਫਾ ਸੁਣੀਆ ਇਸ ਮੌਕੇ ਜਥੇਦਾਰ ਦਲੀਪ ਸਿੰਘ ਚਕਰ ਨੇ ਕਿਹਾ ਕਿ ਇੰਟਰਨੈਸ਼ਨਲ ਪੰਥਕ ਦਲ ਉਨ੍ਹਾ ਨਾਲ ਮੋਢੇ ਨਾਲ ਮੋਢਾ ਲਾ ਕੇ ਖੜ੍ਹਾ ਹੈ।ਜਦੋ ਵੀ ਲੋੜ ਹੋਵੇ ਤਾਂ ਉਹ ਹਮੇਸਾ ਭਾਈ ਦਰਸ਼ਨ ਸਿੰਘ ਹਠੂਰ ਦੇ ਨਾਲ ਹਨ।ਇਸ ਮੌਕੇ ਉਨ੍ਹਾ




ਸਹਾਇਤਾ ਵਜੋ ਗੁੱਪਤ ਰਾਸੀ ਭੇਂਟ ਕੀਤੀ।ਇਸ ਮੌਕੇ ਭਾਈ ਦਰਸ਼ਨ ਸਿੰਘ ਹਠੂਰ ਦੇ ਸਪੁੱਤਰ ਭਾਈ ਤਰਸੇਮ ਸਿੰਘ ਖਾਲਸਾ ਨੇ ਇੰਟਰਨੈਸ਼ਨਲ ਪੰਥਕ ਦਲ ਦਾ ਧੰਨਵਾਦ ਕਰਦਿਆ ਕਿਹਾ ਕਿ ਮੇਰੇ ਪਿਤਾ ਪਿਛਲੇ ਚਾਰ ਦਹਾਕਿਆ ਤੋ ਪੰਥ ਦੀ ਸੇਵਾ ਕਰ ਰਹੇ ਹਨ ਅਤੇ ਜਿੰਦਗੀ ਦੇ ਆਖਰੀ ਸਾਹ ਤੱਕ ਪੰਥ ਦੀ ਸੇਵਾ ਕਰਦੇ ਰਹਿਣਗੇ।ਇਸ ਮੌਕੇ ਉਨ੍ਹਾ ਨਾਲ ਪ੍ਰਧਾਨ ਕੁਲਦੀਪ ਸਿੰਘ ਖਾਲਸਾ,ਸਰਬਜੀਤ ਸਿੰਘ ਚਕਰ,ਪ੍ਰਭਜੋਤ ਸਿੰਘ ਚਕਰ ਆਦਿ ਹਾਜ਼ਰ ਸਨ।

# ਸੱਚੀ ਤੇ ਸਾਫ਼ ਨੀਅਤ ਨਾਲ ਸੀ.ਐਮ. ਮਾਨ ਨੇ ਕੀਤਾ ਕਮਾਲ, ਵਿਰੋਧੀਆਂ ਕੋਲ ਬਿਆਨਬਾਜ਼ੀ ਤੋਂ ਇਲਾਵਾ ਕੁਝ ਨਹੀਂ ਬਚਿਆ: ਬ੍ਰਿਗੇਡੀਅਰ ਰਾਜ ਕੁਮਾਰ

**ਪੰਜਾਬ ਸਰਕਾਰ ਦੀਆਂ ਇਤਿਹਾਸਕ ਪ੍ਰਾਪਤੀਆਂ ਨੇ ਸੂਬੇ ਦੀ ਨੁਹਾਰ ਬਦਲੀ, ਹਰ ਵਰਗ ਤੱਕ ਪਹੁੰਚ ਰਿਹਾ ਹੈ ਮੁੱਖ ਮੰਤਰੀ ਮਾਨ ਦੇ ਫੈਸਲਿਆਂ ਦਾ ਲਾਭ: ਚੇਅਰਮੈਨ ਗੁੱਜਰ ਵੈੱਲਫੇਅਰ ਬੋਰਡ ਪੰਜਾਬ**


**ਨਵਾਂਸ਼ਹਿਰ 11 ਜੂਨ (ਜਤਿੰਦਰ ਪਾਲ ਸਿੰਘ ਕਲੇਰ)** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਹਰ ਵਰਗ ਦੇ ਹਿੱਤ ਵਿੱਚ ਕੀਤੇ ਜਾ ਰਹੇ ਲੋਕ-ਪੱਖੀ ਫੈਸਲਿਆਂ ਅਤੇ ਇਤਿਹਾਸਕ ਪ੍ਰਾਪਤੀਆਂ 'ਤੇ ਮੋਹਰ ਲਗਾਉਂਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਗੁੱਜਰ ਵੈੱਲਫੇਅਰ ਬੋਰਡ ਪੰਜਾਬ ਦੇ ਚੇਅਰਮੈਨ ਬ੍ਰਿਗੇਡੀਅਰ ਰਾਜ ਕੁਮਾਰ ਨੇ ਵਿਰੋਧੀ ਪਾਰਟੀਆਂ ਨੂੰ ਲੰਮੇ ਹੱਥੀਂ ਲੈਂਦਿਆਂ ਕਿਹਾ ਕਿ ਜਿਹੜੀਆਂ ਪਾਰਟੀਆਂ ਨੇ ਦਹਾਕਿਆਂ ਤੱਕ ਪੰਜਾਬ ਨੂੰ ਲੁੱਟਿਆ ਅਤੇ ਲਵਾਰਿਸ ਛੱਡਿਆ, ਅੱਜ ਉਨ੍ਹਾਂ ਕੋਲ ਮਾਨ ਸਰਕਾਰ ਦੇ ਵਿਕਾਸ ਕਾਰਜਾਂ ਅੱਗੇ ਬੋਲਣ ਲਈ ਕੋਈ ਮੁੱਦਾ ਨਹੀਂ ਬਚਿਆ।
ਬ੍ਰਿਗੇਡੀਅਰ ਰਾਜ ਕੁਮਾਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੱਚੀ ਅਤੇ ਸਾਫ਼ ਨੀਅਤ ਨਾਲ ਕੰਮ ਕਰਦਿਆਂ ਪੰਜਾਬ ਵਿੱਚ ਉਹ ਕਮਾਲ ਕਰ ਦਿਖਾਇਆ ਹੈ, ਜਿਸ ਦੀ ਪਹਿਲੀਆਂ ਸਰਕਾਰਾਂ ਵੇਲੇ ਲੋਕ ਸਿਰਫ਼ ਕਲਪਨਾ ਹੀ ਕਰ ਸਕਦੇ ਸਨ। ਉਨ੍ਹਾਂ ਦਾਅਵਾ ਕੀਤਾ ਕਿ ਅੱਜ ਪੰਜਾਬ ਦਾ ਹਰ ਨਾਗਰਿਕ ਬਿਨਾਂ ਕਿਸੇ ਪੱਖਪਾਤ ਦੇ ਸਰਕਾਰ ਦੀਆਂ ਨੀਤੀਆਂ ਦਾ ਸਿੱਧਾ ਲਾਭ ਉਠਾ ਰਿਹਾ ਹੈ, ਜਿਸ ਨਾਲ ਸੂਬੇ ਦੇ ਲੋਕਾਂ ਦਾ ਵਿਸ਼ਵਾਸ ਮੌਜੂਦਾ ਸਰਕਾਰ 'ਤੇ ਹੋਰ ਜ਼ਿਆਦਾ ਪੱਕਾ ਹੋ ਗਿਆ ਹੈ।
ਸਰਕਾਰ ਦੇ ਵੱਡੇ ਫੈਸਲਿਆਂ ਦਾ ਵੇਰਵਾ ਸਾਂਝਾ ਕਰਦਿਆਂ ਚੇਅਰਮੈਨ ਬ੍ਰਿਗੇਡੀਅਰ ਰਾਜ



ਕੁਮਾਰ ਨੇ ਕਿਹਾ ਕਿ ਮਾਨ ਸਰਕਾਰ ਨੇ ਸੂਬੇ ਦੀਆਂ ਮਾਵਾਂ-ਭੈਣਾਂ ਨੂੰ 1000 ਤੋਂ 1500 ਰੁਪਏ ਹਰ ਮਹੀਨੇ ਦੇਣ ਦੀ ਸ਼ੁਰੂਆਤ ਕਰਕੇ ਉਨ੍ਹਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕੀਤਾ ਹੈ, ਜਦਕਿ ਸਿਹਤ ਕ੍ਰਾਂਤੀ ਦੇ ਤਹਿਤ ਪੰਜਾਬ ਭਰ ਵਿੱਚ 990 ਆਮ ਆਦਮੀ ਕਲੀਨਿਕ ਸਫਲਤਾਪੂਰਵਕ ਚੱਲ ਰਹੇ ਹਨ ਅਤੇ ਲੋਕਾਂ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਮੁਹੱਈਆ ਕਰਵਾਇਆ ਜਾ ਰਿਹਾ ਹੈ। ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਨਿਰੋਲ ਮੈਰਿਟ ਦੇ ਆਧਾਰ 'ਤੇ ਬਿਨਾਂ ਕਿਸੇ ਸਿਫ਼ਾਰਿਸ਼ ਜਾਂ ਰਿਸ਼ਵਤਖੋਰੀ ਦੇ 65,264 ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ ਅਤੇ ਬਿਜਲੀ ਦੇ ਖੇਤਰ ਵਿੱਚ ਵੱਡਾ ਸੁਧਾਰ ਕਰਦਿਆਂ 90 ਫ਼ੀਸਦੀ ਤੋਂ ਵੱਧ ਘਰਾਂ ਦਾ ਬਿਜਲੀ ਬਿੱਲ ਜ਼ੀਰੋ ਆ ਰਿਹਾ ਹੈ। ਇਸ ਦੇ ਨਾਲ ਹੀ ਕਿਸਾਨਾਂ ਲਈ ਖੇਤਾਂ ਵਾਸਤੇ ਦਿਨ ਵੇਲੇ ਬਿਜਲੀ, ਪਾਈਪਲਾਈਨਾਂ ਤੇ ਨਹਿਰੀ ਪਾਣੀ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ, ਜਦਕਿ ਪਿੰਡਾਂ-ਸ਼ਹਿਰਾਂ ਵਿੱਚ 3,100 ਮਾਡਰਨ ਖੇਡ ਮੈਦਾਨ ਬਣਾ ਕੇ ਅਤੇ ਵਿਸ਼ਵ-ਪੱਧਰੀ ਸਰਕਾਰੀ ਸਕੂਲ ਸਥਾਪਤ ਕਰਕੇ ਸਿੱਖਿਆ ਤੇ ਖੇਡਾਂ ਨੂੰ ਨਵੀਂ ਉਡਾਣ ਦਿੱਤੀ ਗਈ ਹੈ।
ਉਨ੍ਹਾਂ ਅੱਗੇ ਕਿਹਾ ਕਿ ਮਾਨ ਸਰਕਾਰ ਨੇ ਭ੍ਰਿਸ਼ਟਾਚਾਰ ਅਤੇ ਅਪਰਾਧ ਵਿਰੁੱਧ ਜ਼ੀਰੋ ਟਾਲਰੈਂਸ ਨੀਤੀ ਅਪਣਾਉਂਦਿਆਂ ਈਜ਼ੀ ਰਜਿਸਟਰੀ ਦੀ ਸ਼ੁਰੂਆਤ ਕੀਤੀ ਹੈ, ਜਿਸ ਵਿੱਚ ਨਾ ਕੋਈ ਦੇਰੀ ਹੁੰਦੀ ਹੈ ਅਤੇ ਨਾ ਹੀ ਰਿਸ਼ਵਤਖੋਰੀ। ਸੂਬੇ ਦੇ ਬਜ਼ੁਰਗਾਂ ਲਈ ਮੁਫ਼ਤ ਤੀਰਥ ਯਾਤਰਾ ਯੋਜਨਾ ਸ਼ੁਰੂ ਕੀਤੀ ਗਈ ਹੈ ਅਤੇ ਲੋਕਾਂ ਦੀ ਜੇਬ 'ਤੇ ਪੈਣ ਵਾਲਾ ਡਾਕਾ ਰੋਕਣ ਲਈ 19 ਤੋਂ ਵੱਧ ਟੋਲ ਪਲਾਜ਼ੇ ਹਮੇਸ਼ਾ ਲਈ ਬੰਦ ਕਰ ਦਿੱਤੇ ਗਏ ਹਨ। ਅਮਨ-ਕਾਨੂੰਨ ਦੀ ਸਥਿਤੀ ਬਾਰੇ ਬੋਲਦਿਆਂ ਬ੍ਰਿਗੇਡੀਅਰ ਰਾਜ ਕੁਮਾਰ ਨੇ ਸਾਫ਼ ਕਿਹਾ ਕਿ ਸੜਕ ਸੁਰੱਖਿਆ ਫੋਰਸ ਦੇ ਗਠਨ ਨਾਲ ਜਿੱਥੇ ਕੀਮਤੀ ਜਾਨਾਂ ਬਚ ਰਹੀਆਂ ਹਨ, ਉੱਥੇ ਹੀ ਗੈਂਗਸਟਰਾਂ 'ਤੇ ਤਿੱਖਾ ਵਾਰ ਕਰਕੇ ਅਤੇ ਨਸ਼ਿਆਂ ਖ਼ਿਲਾਫ਼ ਸਖ਼ਤ ਮੁਹਿੰਮ ਵਿੱਢ ਕੇ ਪੰਜਾਬ ਨੂੰ ਮੁੜ ਰੰਗਲਾ ਬਣਾਉਣ ਵੱਲ ਕਦਮ ਵਧਾਏ ਗਏ ਹਨ।
ਉਨ੍ਹਾਂ ਚੁਣੌਤੀ ਭਰੇ ਲਹਿਜੇ ਵਿੱਚ ਕਿਹਾ ਕਿ ਜੋ ਵਿਰੋਧੀ ਅੱਜ ਝੂਠਾ ਪ੍ਰਚਾਰ ਕਰ ਰਹੇ ਹਨ, ਉਹ ਪੰਜਾਬ ਦੇ ਇਸ ਬਦਲਦੇ ਰੰਗ ਅਤੇ ਅਸਲ ਵਿਕਾਸ ਨੂੰ ਦੇਖ ਕੇ ਬੁਖ਼ਲਾਹਟ ਵਿੱਚ ਹਨ, ਕਿਉਂਕਿ ਮਾਨ ਸਰਕਾਰ ਦੇ ਇਨ੍ਹਾਂ ਲੋਕ-ਪੱਖੀ ਕੰਮਾਂ ਨੇ ਵਿਰੋਧੀਆਂ ਦੀਆਂ ਸਿਆਸੀ ਦੁਕਾਨਾਂ 'ਤੇ ਹਮੇਸ਼ਾ ਲਈ ਜੰਦਰੇ ਲਗਾ ਦਿੱਤੇ ਹਨ।

# ਸੂੰਧਾ ਮਾਜਰਾ ਤੋਂ ਚਾਹਲ ਕਾਠਗੜ੍ਹ ਰੋਡ ਤੱਕ ਨਵੀਂ ਸੜਕ ਦੇ ਨਿਰਮਾਣ ਲਈ 4 ਕਰੋੜ ਰੁਪਏ ਮਨਜ਼ੂਰ, ਕੰਮ ਜੰਗੀ ਪੱਧਰ 'ਤੇ ਜਾਰੀ : ਚੇਅਰਮੈਨ ਸਤਨਾਮ ਜਲਾਲਪੁਰ

**ਨਵਾਂਸ਼ਹਿਰ , 11 ਜੂਨ (ਜਤਿੰਦਰ ਪਾਲ ਸਿੰਘ ਕਲੇਰ )** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਪੇਂਡੂ ਖੇਤਰਾਂ ਦੇ ਵਿਕਾਸ ਨੂੰ ਗਤੀ ਦੇਣ ਲਈ ਲਗਾਤਾਰ ਵੱਡੇ ਕਦਮ ਚੁੱਕੇ ਜਾ ਰਹੇ ਹਨ। ਇਸੇ ਲੜੀ ਤਹਿਤ ਹਲਕੇ ਦੇ ਵਿਕਾਸ ਲਈ ਇੱਕ ਵੱਡਾ ਅਤੇ ਇਤਿਹਾਸਕ ਉਪਰਾਲਾ ਕਰਦਿਆਂ ਸੂੰਧਾ ਮਾਜਰਾ ਤੋਂ ਲੈ ਕੇ ਚਾਹਲ ਕਾਠਗੜ੍ਹ ਰੋਡ ਤੱਕ ਨਵੀਂ ਸੜਕ ਦੇ ਨਿਰਮਾਣ ਵਾਸਤੇ 4.00 ਕਰੋੜ (ਚਾਰ ਕਰੋੜ) ਰੁਪਏ ਦੀ ਭਾਰੀ ਲਾਗਤ ਵਾਲਾ ਪ੍ਰੋਜੈਕਟ ਮਨਜ਼ੂਰ ਕੀਤਾ ਗਿਆ ਹੈ। ਇਸ ਅਹਿਮ ਪ੍ਰੋਜੈਕਟ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸਤਨਾਮ ਜਲਾਲਪੁਰ ਨੇ ਕਿਹਾ ਕਿ ਪੰਜਾਬ ਸਰਕਾਰ 'ਨਵੇਂ ਰਸਤਿਆਂ ਨਾਲ, ਵਧੇਗਾ



ਵਿਕਾਸ' ਦੇ ਨਾਅਰੇ ਤਹਿਤ ਹਰ ਵਰਗ ਤੱਕ ਸਹੂਲਤਾਂ ਪਹੁੰਚਾਉਣ ਲਈ ਵਚਨਬੱਧ ਹੈ ਅਤੇ ਇਹ ਨਵੀਂ ਸੜਕ ਬਣਨ ਨਾਲ ਪੂਰੇ ਇਲਾਕੇ ਦੀ ਨੁਹਾਰ ਬਦਲ ਜਾਵੇਗੀ।
ਚੇਅਰਮੈਨ ਸਤਨਾਮ ਜਲਾਲਪੁਰ ਨੇ ਇਸ ਇਤਿਹਾਸਕ ਪ੍ਰੋਜੈਕਟ ਦੇ ਫ਼ਾਇਦਿਆਂ ਬਾਰੇ ਗੱਲ ਕਰਦਿਆਂ ਦੱਸਿਆ ਕਿ ਸੂੰਧਾ ਮਾਜਰਾ ਤੋਂ ਚਾਹਲ ਕਾਠਗੜ੍ਹ ਰੋਡ ਤੱਕ ਇਸ ਪੂਰੀ ਨਵੀਂ ਸੜਕ ਦੇ ਬਣਨ ਨਾਲ ਆਸ-ਪਾਸ ਦੇ ਦਰਜਨਾਂ ਪਿੰਡਾਂ ਦੇ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ। ਇਸ ਨਿਰਮਾਣ ਕਾਰਜ ਦੇ ਮੁਕੰਮਲ ਹੋਣ ਨਾਲ ਰੋਜ਼ਾਨਾ ਆਉਣ-ਜਾਣ ਵਾਲੇ ਲੋਕਾਂ ਦੀ ਆਵਾਜਾਈ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਤੇਜ਼, ਸੁਖਾਲੀ ਅਤੇ ਸੁਰੱਖਿਅਤ ਹੋ ਜਾਵੇਗੀ, ਜਿਸ ਨਾਲ ਲੋਕਾਂ ਦੇ ਕੀਮਤੀ ਸਮੇਂ ਅਤੇ ਧਨ ਦੋਵਾਂ ਦੀ ਵੱਡੀ ਬਚਤ ਹੋਵੇਗੀ। ਉਨ੍ਹਾਂ ਆਖਿਆ ਕਿ ਟੁੱਟੀਆਂ ਸੜਕਾਂ ਕਾਰਨ ਪਿਛਲੇ ਲੰਮੇ ਸਮੇਂ ਤੋਂ ਇਲਾਕਾ ਨਿਵਾਸੀਆਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਜਿਸ ਨੂੰ ਮੁੱਖ ਰੱਖਦਿਆਂ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਸ ਮੁੱਦੇ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਹੈ। ਇਸ ਸੜਕ ਦੇ ਬਣਨ ਨਾਲ ਜਿੱਥੇ ਵਪਾਰ ਅਤੇ ਸਥਾਨਕ ਕਾਰੋਬਾਰ ਨੂੰ ਹੁਲਾਰਾ ਮਿਲੇਗਾ, ਉੱਥੇ ਹੀ ਪੂਰੇ ਇਲਾਕੇ ਦੇ ਸਮੁੱਚੇ ਵਿਕਾਸ ਨੂੰ ਇੱਕ ਨਵੀਂ ਉਡਾਣ ਮਿਲੇਗੀ, ਜਿਸ ਲਈ ਸਮੂਹ ਇਲਾਕਾ ਨਿਵਾਸੀਆਂ ਵੱਲੋਂ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਤਹਿ ਦਿਲੋਂ ਧੰਨਵਾਦ ਕੀਤਾ ਜਾ ਰਿਹਾ ਹੈ।

# ਬੰਦੀ ਸਿੰਘਾਂ ਦੀ ਰਿਹਾਈ ਲਈ ਤਿਹਾੜ ਜੇਲ੍ਹ ਕੱਟ ਕੇ ਬਾਹਰ ਆਉਣ ਤੇ ਲੁਧਿਆਣਾ ਦੀਆਂ ਸੰਗਤਾਂ ਵੱਲੋਂ ਸੁੱਖ ਗਿੱਲ ਮੋਗਾ ਦਾ ਵਿਸ਼ੇਸ਼ ਸਨਮਾਨ

## ਕੌਮੀ ਇਨਸਾਫ ਮੋਰਚੇ ਲਈ ਸੁੱਖ ਗਿੱਲ ਮੋਗਾ ਦਾ ਵੱਡਮੁੱਲਾ ਯੋਗਦਾਨ -ਮਾਤਾ ਵਿਪਨਪ੍ਰੀਤ ਕੌਰ, ਸੰਤ ਸੁਖਬੀਰ ਸਿੰਘ, ਜਥੇ: ਨਿਮਾਣਾ

**ਲੁਧਿਆਣਾ 11 ਜੂਨ (ਕਰਨੈਲ ਸਿੰਘ ਐੱਮ.ਏ.)** ਅੱਜ ਗੁਰਦੁਆਰਾ ਗੁਰੂ ਨਾਨਕ ਸਿਮਰਨ ਕੇਂਦਰ, ਲੁਧਿਆਣਾ ਵਿਖੇ ਆਯੋਜਿਤ ਧਾਰਮਿਕ ਸਮਾਗਮ ਦੌਰਾਨ ਭਾਰਤੀ ਕਿਸਾਨ ਯੂਨੀਅਨ (ਤੋਤੇਵਾਲ) ਦੇ ਸੂਬਾ ਪ੍ਰਧਾਨ ਸੁੱਖ ਗਿੱਲ ਮੋਗਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ, ਇਸ ਮੌਕੇ ਸੰਤ ਬਾਬਾ ਸੁਖਬੀਰ ਸਿੰਘ ਖਾਲਸਾ ਸਰਪ੍ਰਸਤ ਗੁਰਦੁਆਰਾ ਗੁਰੂ ਨਾਨਕ ਸਿਮਰਨ ਕੇਂਦਰ, ਪੰਥ ਦੀ ਮਹਾਨ ਸ਼ਖ਼ਸੀਅਤ ਮਾਤਾ ਵਿਪਨਪ੍ਰੀਤ ਕੌਰ ਜੀ, ਸਮਾਗਮ ਦੇ ਪ੍ਰਮੁੱਖ ਪ੍ਰਬੰਧਕ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਅਤੇ ਸਮੂਹ ਸੰਗਤਾਂ ਵੱਲੋਂ ਸੁੱਖ ਗਿੱਲ ਮੋਗਾ ਨੂੰ ਕੌਮੀ ਇਨਸਾਫ ਮੋਰਚੇ ਲਈ ਦਿੱਤੀਆਂ ਸੇਵਾਵਾਂ ਦੇ ਸਨਮਾਨ ਵਜੋਂ ਸਿਰੋਪਾ ਅਤੇ ਯਾਦਗਾਰੀ ਚਿੰਨ੍ਹ ਭੇਟ ਕੀਤਾ ਗਿਆ, ਸਮਾਗਮ ਦੌਰਾਨ ਬੁਲਾਰਿਆਂ ਨੇ ਕਿਹਾ ਕਿ ਸੁੱਖ ਗਿੱਲ ਮੋਗਾ ਨੇ ਕੌਮੀ ਇਨਸਾਫ ਮੋਰਚੇ ਦੇ ਹੱਕ ਵਿੱਚ ਦਿੱਲੀ ਵਿਖੇ ਗ੍ਰਿਫ਼ਤਾਰੀ ਦੇ ਕੇ 19 ਦਿਨ ਤਿਹਾੜ ਜੇਲ੍ਹ ਵਿੱਚ ਬਿਤਾਏ ਅਤੇ ਸਿੱਖ ਕੌਮ ਨੂੰ ਇਨਸਾਫ ਦਿਵਾਉਣ ਲਈ ਆਪਣਾ ਅਹਿਮ




ਯੋਗਦਾਨ ਪਾਇਆ, ਇਸ ਤੋਂ ਇਲਾਵਾ ਉਹ 7 ਜਨਵਰੀ 2023 ਤੋਂ ਮੋਹਾਲੀ-ਚੰਡੀਗੜ੍ਹ ਸਰਹੱਦ ਉੱਤੇ ਚੱਲ ਰਹੇ ਕੌਮੀ ਇਨਸਾਫ ਮੋਰਚੇ ਵਿੱਚ ਆਪਣੀ ਜਥੇਬੰਦੀ ਵੱਲੋਂ ਲਗਾਤਾਰ ਪੱਕੀ ਹਾਜ਼ਰੀ ਭਰਦੇ ਆ ਰਹੇ ਹਨ, ਸਨਮਾਨ ਪ੍ਰਾਪਤ ਕਰਨ ਉਪਰੰਤ ਸੁੱਖ ਗਿੱਲ ਮੋਗਾ ਨੇ ਗੁਰਦੁਆਰਾ ਗੁਰੂ ਨਾਨਕ ਸਿਮਰਨ ਕੇਂਦਰ ਲੁਧਿਆਣਾ ਦੀ ਸਮੁੱਚੀ ਪ੍ਰਬੰਧਕ ਕਮੇਟੀ, ਸਮੂਹ ਸੰਗਤਾਂ, ਪੰਥ ਦੀ ਮਹਾਨ ਸ਼ਖ਼ਸੀਅਤ ਮਾਤਾ ਵਿਪਨਪ੍ਰੀਤ ਕੌਰ ਲੁਧਿਆਣੇ ਵਾਲੇ, ਕੇ.ਕੇ ਬਾਵਾ ਚੇਅਰਮੈਨ ਬਾਬਾ ਬੰਦਾ ਸਿੰਘ ਬਹਾਦਰ ਚੈਰੀਟੇਬਲ ਟ੍ਰਸਟ, ਸਮਰਾਓ ਸਿੰਘ, ਗੁਰਦੀਪ ਸਿੰਘ ਗਰੇਵਾਲ ਅਤੇ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਇਹ ਸਨਮਾਨ ਉਨ੍ਹਾਂ ਲਈ ਹੋਰ ਵੀ ਵੱਧ ਸਮਾਜਿਕ ਅਤੇ ਕੌਮੀ ਸੇਵਾ ਕਰਨ ਦੀ ਪ੍ਰੇਰਣਾ ਬਣੇਗਾ। ਇਸ ਮੌਕੇ ਉਹਨਾਂ ਨਾਲ ਰਣਜੀਤ ਸਿੰਘ ਚੱਕ ਤਾਰੇਵਾਲਾ, ਭਾਈ ਤਰਲੋਚਨ ਸਿੰਘ ਜਗਰਾਉਂ, ਜਸਬੀਰ ਸਿੰਘ ਆਹਲੂਵਾਲੀਆ, ਫੌਜੀ ਵੱਟੂ ਭੱਟੀ, ਸਤਨਾਮ ਸਿੰਘ ਹਰੀਕੇ, ਕਾਲਾ ਝਾੜ ਸਾਹਬ, ਜੀਤ ਔਲਖ, ਸੁੱਖਮਨ ਹਰਾਜ ਹਾਜ਼ਰ ਸਨ ।

# ਡਿਊਟੀ ਦੌਰਾਨ ਹਾਦਸੇ ਦੀ ਸ਼ਿਕਾਰ ਹੋਈ ਮਹਿਲਾ ਪੁਲਿਸ ਮੁਲਾਜ਼ਮ ਦੀ ਮੌਤ

**ਲੈਸਟਰ, 11 ਜੂਨ (ਸੁਖਜਿੰਦਰ ਸਿੰਘ ਢੱਡੇ)-** ਇੰਗਲੈਂਡ ਦੇ ਉੱਤਰ-ਪੂਰਬੀ ਹਿੱਸੇ ਵਿੱਚ ਸਥਿਤ ਨੌਰਥੰਬਰੀਆ ਪੁਲਿਸ ਦੀ 19 ਸਾਲਾ ਮਹਿਲਾ ਪੁਲਿਸ ਮੁਲਾਜ਼ਮ ਜੈੱਸ ਟਰਨਬੁੱਲ ਦੀ ਡਿਊਟੀ ਦੌਰਾਨ ਵਾਪਰੇ ਸੜਕ ਹਾਦਸੇ ਵਿੱਚ ਲੱਗੀਆਂ ਗੰਭੀਰ ਸੱਟਾਂ ਕਾਰਨ ਮੌਤ ਹੋ ਗਈ।

ਇਸ ਦੁਖਦਾਈ ਘਟਨਾ ਤੋਂ ਬਾਅਦ ਪੁਲਿਸ ਮਹਿਕਮੇ ਅਤੇ ਇਲਾਕੇ ਵਿੱਚ ਸੋਗ ਦੀ ਲਹਿਰ ਫੈਲ ਗਈ ਹੈ।

ਪੁਲਿਸ ਅਨੁਸਾਰ ਜੈੱਸ ਟਰਨਬੁੱਲ ਸੋਮਵਾਰ ਰਾਤ ਕ੍ਰੈਮਲਿੰਗਟਨ ਦੇ ਏ-189 ਸਪਾਈਨ ਰੋਡ 'ਤੇ ਵਾਪਰੇ ਇੱਕ ਸੜਕ ਹਾਦਸੇ ਦੀ ਸੂਚਨਾ ਮਿਲਣ ਮਗਰੋਂ ਮੌਕੇ 'ਤੇ ਪੁੱਜੀ ਸੀ। ਇਸ ਦੌਰਾਨ ਇੱਕ ਕਾਲੀ ਮਰਸਡੀਜ਼ ਕਾਰ ਨੇ ਪੁਲਿਸ ਦੀ ਨਿਸ਼ਾਨਜ਼ਦਾ ਗੱਡੀ ਨੂੰ ਟੱਕਰ ਮਾਰ ਦਿੱਤੀ,



**ਨੌਰਥੰਬਰੀਆ ਪੁਲਿਸ ਦੀ 19 ਸਾਲਾ ਮਹਿਲਾ ਪੁਲਿਸ ਮੁਲਾਜ਼ਮ ਜੈੱਸ ਟਰਨਬੁੱਲ, ਜਿਸ ਦੀ ਡਿਊਟੀ ਦੌਰਾਨ ਸੜਕ ਹਾਦਸੇ ਵਿੱਚ ਲੱਗੀਆਂ ਸੱਟਾਂ ਕਾਰਨ ਮੌਤ ਹੋ ਗਈ।ਤਸਵੀਰ:- ਸੁਖਜਿੰਦਰ ਸਿੰਘ ਢੱਡੇ**

ਜਿਸ ਕਾਰਨ ਉਹ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ। ਹਸਪਤਾਲ ਵਿੱਚ ਇਲਾਜ ਦੌਰਾਨ ਬੁੱਧਵਾਰ ਨੂੰ ਉਸ ਦੀ ਮੌਤ ਹੋ ਗਈ।

ਨੌਰਥੰਬਰੀਆ ਪੁਲਿਸ ਦੀ ਮੁੱਖ ਕਾਂਸਟੇਬਲ ਵੈਨੇਸਾ ਜਾਰਡਿਨ ਨੇ ਜੈੱਸ ਟਰਨਬੁੱਲ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਉਹ ਬਹੁਤ ਹੀ ਮਿਹਨਤੀ, ਸਮਰਪਿਤ ਅਤੇ ਫਰਜ਼ ਪ੍ਰਤੀ ਵਚਨਬੱਧ ਪੁਲਿਸ ਮੁਲਾਜ਼ਮ ਸੀ। ਉਨ੍ਹਾਂ ਕਿਹਾ ਕਿ ਜੈੱਸ ਦੇ ਸਾਹਮਣੇ ਪੂਰੀ ਜ਼ਿੰਦਗੀ ਅਤੇ ਸ਼ਾਨਦਾਰ ਕਰੀਅਰ ਪਿਆ ਸੀ ਪਰ ਉਸ ਦੀ ਅਚਾਨਕ ਮੌਤ ਨੇ ਸਭ ਨੂੰ ਗਹਿਰਾ ਸਦਮਾ ਦਿੱਤਾ ਹੈ।ਪੁਲਿਸ ਨੇ ਦੱਸਿਆ ਕਿ ਇਸ ਮਾਮਲੇ ਵਿੱਚ 73 ਸਾਲਾ ਵਿਅਕਤੀ ਨੂੰ ਖ਼ਤਰਨਾਕ ਡਰਾਈਵਿੰਗ ਕਰਕੇ ਮੌਤ ਦਾ ਕਾਰਨ ਬਣਨ ਦੇ ਸ਼ੱਕ ਹੇਠ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਸ ਨੂੰ ਬਾਅਦ ਵਿੱਚ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ। ਮਾਮਲੇ ਦੀ ਜਾਂਚ ਜਾਰੀ ਹੈ।

ਜ਼ਿਕਰਯੋਗ ਹੈ ਕਿ ਜੈੱਸ ਟਰਨਬੁੱਲ ਪਿਛਲੇ ਸਾਲ ਸਤੰਬਰ ਮਹੀਨੇ ਵਿੱਚ ਨੌਰਥੰਬਰੀਆ ਪੁਲਿਸ ਵਿੱਚ ਭਰਤੀ ਹੋਈ ਸੀ। ਉਸ ਦੀ ਮੌਤ ਨੂੰ ਪੁਲਿਸ ਮਹਿਕਮੇ ਲਈ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਕਰਾਰ ਦਿੱਤਾ ਜਾ ਰਿਹਾ ਹੈ।

# ਬਰਤਾਨੀਆ ਦੇ ਰੱਖਿਆ ਮੰਤਰੀ ਵੱਲੋਂ ਅਸਤੀਫ਼ਾ

**ਲੈਸਟਰ (ਇੰਗਲੈਂਡ), 11 ਜੂਨ (ਸੁਖਜਿੰਦਰ ਸਿੰਘ ਢੱਡੇ)-** ਬਰਤਾਨੀਆ ਦੇ ਰੱਖਿਆ ਮੰਤਰੀ ਜੌਨ ਹੀਲੀ ਨੇ ਰੱਖਿਆ ਖਰਚ ਯੋਜਨਾਵਾਂ ਨਾਲ ਅਸਹਿਮਤੀ ਜਤਾਉਂਦਿਆਂ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੀ ਸਰਕਾਰ ਤੋਂ ਅਸਤੀਫ਼ਾ ਦੇ ਦਿੱਤਾ ਹੈ। ਹੀਲੀ ਨੇ ਆਪਣੇ ਅਸਤੀਫ਼ਾ ਪੱਤਰ ਵਿੱਚ ਕਿਹਾ ਕਿ ਰੱਖਿਆ ਨਿਵੇਸ਼ ਯੋਜਨਾ ਲਈ ਦਿੱਤੀ ਗਈ ਵਿੱਤੀ ਵਿਵਸਥਾ ਦੇਸ਼ ਅਤੇ ਫੌਜ ਦੀ ਮੌਜੂਦਾ ਲੋੜਾਂ ਤੋਂ ਕਾਫ਼ੀ ਘੱਟ ਹੈ।ਹੀਲੀ ਨੇ ਕਿਹਾ ਕਿ ਖ਼ਤਰਨਾਕ ਵਿਸ਼ਵ ਪੱਧਰੀ ਹਾਲਾਤਾਂ ਵਿੱਚ ਬਰਤਾਨਵੀ ਫੌਜ ਨੂੰ ਲੋੜੀਂਦੇ ਸਰੋਤ ਨਾ ਦੇਣ ਨਾਲ ਫੌਜੀ ਤਿਆਰੀਆਂ ਪ੍ਰਭਾਵਿਤ ਹੋ ਸਕਦੀਆਂ ਹਨ ਅਤੇ ਓਪਰੇਸ਼ਨਾਂ 'ਤੇ ਤੈਨਾਤ ਕਰਮਚਾਰੀਆਂ ਲਈ ਖ਼ਤਰਾ ਵੱਧ ਸਕਦਾ ਹੈ। ਉਨ੍ਹਾਂ ਮੁਤਾਬਕ ਪੂਰੀ ਵਿੱਤੀ ਪੇਸ਼ਕਸ਼ ਉਨ੍ਹਾਂ ਨੂੰ ਇਸ



ਹਫ਼ਤੇ ਸੋਮਵਾਰ ਦੁਪਹਿਰ ਪਹਿਲੀ ਵਾਰ ਦਿੱਤੀ ਗਈ ਸੀ।

ਰਿਪੋਰਟਾਂ ਅਨੁਸਾਰ ਹੀਲੀ ਨੇ ਪ੍ਰਧਾਨ ਮੰਤਰੀ ਨੂੰ ਦੱਸਿਆ ਸੀ ਕਿ ਰੱਖਿਆ ਖਰਚ ਵਿੱਚ 0.08 ਫ਼ੀਸਦੀ ਦਾ ਵਾਧਾ ਕਾਫ਼ੀ ਨਹੀਂ ਹੈ। ਉਹ ਪਿਛਲੇ ਕਈ ਮਹੀਨਿਆਂ ਤੋਂ ਰੱਖਿਆ ਮੰਤਰਾਲੇ ਲਈ ਵਧੇਰੇ ਫੰਡਾਂ ਦੀ ਮੰਗ ਕਰ ਰਹੇ ਸਨ, ਤਾਂ ਜੋ ਬਰਤਾਨੀਆ ਦੀਆਂ ਫੌਜੀ ਲੋੜਾਂ ਅਤੇ ਨਾਟੋ ਵਚਨਬੱਧਤਾਵਾਂ ਨੂੰ ਪੂਰਾ ਕੀਤਾ ਜਾ ਸਕੇ।

ਹੀਲੀ ਦਾ ਅਸਤੀਫ਼ਾ ਪ੍ਰਧਾਨ ਮੰਤਰੀ ਕੀਰ ਸਟਾਰਮਰ ਲਈ ਵੱਡਾ ਸਿਆਸੀ ਝਟਕਾ ਮੰਨਿਆ ਜਾ ਰਿਹਾ ਹੈ। ਪਿਛਲੇ ਇੱਕ ਮਹੀਨੇ ਵਿੱਚ ਸਟਾਰਮਰ ਸਰਕਾਰ ਤੋਂ ਅਸਤੀਫ਼ਾ ਦੇਣ ਵਾਲੇ ਉਹ ਛੇਵੇਂ ਮੰਤਰੀ ਹਨ। ਵਿਰੋਧੀ ਧਿਰਾਂ ਨੇ ਇਸ ਮਾਮਲੇ ਨੂੰ ਸਰਕਾਰ ਦੀ ਰੱਖਿਆ ਨੀਤੀ ਅਤੇ ਸਟਾਰਮਰ ਦੀ ਅਗਵਾਈ 'ਤੇ ਗੰਭੀਰ ਸਵਾਲ ਕਰਾਰ ਦਿੱਤਾ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਰੱਖਿਆ ਮੰਤਰੀ ਵੱਲੋਂ ਹੀ ਰੱਖਿਆ ਖਰਚ ਯੋਜਨਾ ਨੂੰ ਨਾਕਾਫ਼ੀ ਦੱਸ ਕੇ ਅਸਤੀਫ਼ਾ ਦੇਣਾ ਸਰਕਾਰ ਲਈ ਗੰਭੀਰ ਸੰਕਟ ਪੈਦਾ ਕਰ ਸਕਦਾ ਹੈ। ਦੂਜੇ ਪਾਸੇ ਸਰਕਾਰ ਵੱਲੋਂ ਹੋਰ ਮੰਤਰੀਆਂ ਨੂੰ ਆਪਣੇ ਅਹੁਦਿਆਂ 'ਤੇ ਕਾਇਮ ਰਹਿਣ ਦੀ ਅਪੀਲ ਕੀਤੀ ਗਈ ਹੈ, ਤਾਂ ਜੋ ਮੰਤਰਾਲੇ ਦੇ ਕੰਮਕਾਜ ਵਿੱਚ ਰੁਕ-ਾਵਟ ਨਾ ਆਵੇ।

# ਭੰਮੀਪੁਰਾ 'ਚ 560 ਪਰਿਵਾਰਾਂ ਨੂੰ ਰਸੋਈ ਕਿੱਟਾ ਵੰਡੀਆਂ



**ਰਾਏਕੋਟ, ਜੂਨ :ਗੁਰਭਿੰਦਰ ਗੁਰੀ** -ਪੰਜਾਬ ਦੀ ਆਪ ਸਰਕਾਰ ਵੱਲੋ ਪੰਜਾਬ ਦੇ ਲੋੜਵੰਦ ਪਰਿਵਾਰਾ ਲਈ ਰਸੋਈ ਕਿੱਟਾ ਵੰਡੀਆ ਜਾ ਰਹੀਆ ਹਨ।ਇਸੇ ਲੜੀ ਤਹਿਤ ਅੱਜ ਸਰਪੰਚ ਮਨਪ੍ਰੀਤ ਕੌਰ ਭੰਮੀਪੁਰਾ ਕਲਾਂ ਦੀ ਅਗਵਾਈ ਹੇਠ ਪਿੰਡ ਭੰਮੀਪੁਰਾ ਕਲਾਂ ਦੇ 560 ਪਰਿਵਾਰਾ ਨੂੰ ਰਸੋਈ ਕਿੱਟਾ ਅਤੇ ਸਮਾਰਟ ਕਾਰਡ ਵੰਡੇ ਗਏ।ਇਸ ਮੌਕੇ ਆਮ-ਆਦਮੀ ਪਾਰਟੀ ਦੇ ਸੀਨੀਅਰ ਆਗੂ ਡਾ:ਗੁਰਪ੍ਰੀਤ ਸਿੰਘ ਭੰਮੀਪੁਰਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ,ਹਲਕਾ ਵਿਧਾਇਕਾ ਬੀਬੀ ਸਰਬਜੀਤ ਕੌਰ ਮਾਣੂੰਕੇ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆ ਕਿਹਾ ਕਿ ਪੰਜਾਬ ਸਰਕਾਰ ਦੀ ਮੁੱਖ ਸੋਚ ਹੈ ਕਿ ਸੂਬੇ ਦਾ ਕੋਈ ਵਿਅਕਤੀ ਭੁੱਖਾ ਨਾ ਸੌਵੇ ਜਿਸ ਕਰਕੇ ਪੰਜਾਬ ਸਰਕਾਰ ਵੱਲੋ ਰੋਜਾਨਾ ਰਸੋਈ ਵਿਚ ਵਰਤੋ ਵਿਚ ਆਉਣ ਵਾਲਾ ਰਾਸਨ ਦਿੱਤਾ ਜਾ ਰਿਹਾ ਹੈ।ਇਸ ਮੌਕੇ ਉਨ੍ਹਾ ਨਾਲ ਸਰਪੰਚ ਮਨਪ੍ਰੀਤ ਕੌਰ ਭੰਮੀਪੁਰਾ,ਯੂਥ ਆਗੂ ਡਾ: ਗੁਰਪ੍ਰੀਤ ਸਿੰਘ ਗੋਪੀ, ਪੰਚ ਮਾ:ਜਰਨੈਲ ਸਿੰਘ,ਪੰਚ ਦਲਜੀਤ ਕੌਰ, ਪੰਚ ਸੁਰਿੰਦਰਪਾਲ ਕੌਰ, ਪੰਚ ਦਿਲਜੀਤ ਕੌਰ, ਪੰਚ ਕੋਮਲਪ੍ਰੀਤ ਕੌਰ, ਪੰਚ ਸਰਬਜੀਤ ਕੌਰ, ਪੰਚ ਕਸਮੀਰ ਸਿੰਘ, ਪੰਚ ਮਨਦੀਪ ਸਿੰਘ, ਪੰਚ ਜਗਰੂਪ ਸਿੰਘ,ਦਵਿੰਦਰ ਸਿੰਘ,ਸਵਰਨ ਸਿੰਘ,ਬੇਅੰਤ ਸਿੰਘ,ਬੌਬੀ ਰਾਮ, ਬਾਬਾ ਹਰਜਿੰਦਰ ਸਿੰਘ,ਗੁਰਸੇਵਕ ਸਿੰਘ,ਸੁਖਜੀਤ ਸਿੰਘ,ਰੂਪ ਸਿੰਘ ਹਾਜ਼ਰ ਸਨ।

# 12ਜੂਨ ਨੂੰ 10ਵੱਜੇ ਨਵਾਂਸ਼ਹਿਰ ਪਹੁੰਚਣ ਦੀ ਅਪੀਲ : ਪ੍ਰਵੀਨ ਬੰਗਾ

## ਹਰ ਭੋਟਹ ਤੇ ਤੇ ਸ਼੍ਰੀ ਲਈ ਪਾਰਟੀ ਲੀਡਰਸ਼ਿਪ ਇੱਕ ਇੱਕ ਵੋਟ ਦੀ ਰਾਖੀ ਕਰਨ ਬਸਪਾ ਆਗੂ : ਪ੍ਰਵੀਨ ਬੰਗਾ



**ਬੰਗਾ( ਚਰਨਜੀਤ ਸੱਲ੍ਹਾ )12 ਜੂਨ** ਨੂੰ ਪੰਜਾਬ ਭਰ ਵਿੱਚ ਪਟਿਆਲਾ ਚ ਨੌਜਵਾਨਾਂ ਤੇ ਹੋਏ ਲਾਠੀ ਚਾਰਜ ਅਤੇ ਪੰਜਾਬ ਭਰ ਵਿੱਚ ਸਰਕਾਰੀ ਜਬਰ ਦੇ ਵਿਰੁੱਧ ਜਿਲਾ ਪੱਧਰੀ ਰੋਸ ਪ੍ਰਦਰਸ਼ਨ ਪ੍ਰਵੀਨ ਬੰਗਾ ਬੰਗਾ ਬਸਪਾ ਆਗੂ ਪ੍ਰਵੀਨ ਬੰਗਾ ਨੇ ਬਿਆਨ ਵਿੱਚ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਪਟਿਆਲਾ ਵਿੱਚ ਬੇਰੁਜ਼ਗਾਰਾਂ ਤੇ ਕੀਤੇ ਲਾਠੀਚਾਰਜ ਦੇ ਵਿਰੁੱਧ ਅਤੇ ਲੋਕ-ਵਿਰੋਧੀ ਨੀਤੀਆਂ ਖ਼ਿਲਾਫ਼ 12 ਜੂਨ ਨੂੰ ਬਸਪਾ ਵੱਲੋਂ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਧਰਨੇ ਪ੍ਰਦਰਸ਼ਨ ਕੀਤੇ ਜਾਣਗੇ ਅਤੇ ਡਿਪਟੀ ਕਮਿਸ਼ਨਰਾਂ (ਧਛ) ਰਾਹੀਂ ਮਾਨਯੋਗ ਗਵਰਨਰ ਸਾਹਿਬ ਨੂੰ ਮੰਗ ਪੱਤਰ (ਮੈਮੋਰੰਡਮ) ਭੇਜੇ ਜਾਣਗੇ।

**ਧਰਨੇ ਦੇ ਮੁੱਖ ਮੁੱਦੇ**

ਨੌਜਵਾਨਾਂ ਨੂੰ ਇਨਸਾਫ਼: ਬੇਰੁਜ਼ਗਾਰ ਨੌਜਵਾਨਾਂ ਨੂੰ ਤੁਰੰਤ ਪੱਕਾ ਰੁਜ਼ਗਾਰ ਦਿੱਤਾ ਜਾਵੇ, ਲਾਠੀਚਾਰਜ ਵਿੱਚ ਜ਼ਖਮੀ ਹੋਏ ਨੌਜਵਾਨਾਂ ਨੂੰ ਯੋਗ ਕੰਪਨਸੇਸ਼ਨ (ਮੁਆਵਜ਼ਾ) ਦਿੱਤਾ ਜਾਵੇ ਅਤੇ ਨਿਹੱਥੇ ਨੌਜਵਾਨਾਂ 'ਤੇ ਤਸ਼ੱਦਦ ਕਰਨ ਵਾਲੇ ਜ਼ਿੰਮੇਵਾਰ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ

**ਦਲਿਤਾਂ 'ਤੇ ਅੱਤਿਆਚਾਰ ਬੰਦ ਹੋਣ:** ਪੰਜਾਬ ਅੰਦਰ ਅਨੁਸੂਚਿਤ ਜਾਤੀਆਂ ਦੇ ਉੱਪਰ ਹੋ ਰਹੇ ਬੇਤਹਾਸ਼ਾ ਅੱਤਿਆਚਾਰਾਂ ਹੋ ਰਿਹਾ ਹੈ ਮਲੋਟ ਅਤੇ ਪਟਿਆਲਾ ਵਿੱਚ ਹੋਈਆਂ ਘਟਨਾਵਾਂ ਦੇ ਦੋਸ਼ੀਆਂ ਵਿਰੁੱਧ ਸਰਕਾਰ ਤੁਰੰਤ ਅਤੇ ਸਖ਼ਤ ਕਾਨੂੰਨੀ ਕਾਰਵਾਈ ਕਰੇ। ਮਹਿੰਗਾਈ ਤੋਂ ਰਾਹਤ: ਕੇਂਦਰ ਸਰਕਾਰ ਵੱਲੋਂ ਪੈਟਰੋਲ, ਡੀਜ਼ਲ ਅਤੇ ਰਸੋਈ ਗੈਸ ਦੀਆਂ ਵਧਾਈਆਂ ਗਈਆਂ ਕੀਮਤਾਂ ਨੂੰ ਤੁਰੰਤ ਰੱਦ ਕਰਕੇ ਜਨਤਾ ਨੂੰ ਰਾਹਤ ਦਿੱਤੀ ਜਾਵੇ।

**'ਪੰਜਾਬ ਸੰਭਾਲੋ ਮੁਹਿੰਮ' ਅਤੇ ਵੋਟ ਦੇ ਅਧਿਕਾਰ ਦੀ ਰਾਖੀ**

ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਦੇ ਭਵਿੱਖ ਅਤੇ ਲੋਕਤੰਤਰ ਨੂੰ ਬਚਾਉਣ ਲਈ ਬਸਪਾ ਦੀ 'ਪੰਜਾਬ ਸੰਭਾਲੋ ਮੁਹਿੰਮ' ਨਾਲ ਸਰਗਰਮੀ ਨਾਲ ਜੁੜਨ। ਉਹਨਾਂ ਕਿਹਾ ਕਿ ਸ਼੍ਰੀ ਦੇ ਸੰਦਰਭ ਵਿੱਚ ਪੰਜਾਬੀਆਂ ਦੇ ਵੋਟ ਦੇ ਅਧਿਕਾਰ ਦੀ ਰਾਖੀ ਲਈ ਬਸਪਾ ਆਗੂ ਅਤੇ ਵਰਕਰ ਪਿੰਡ-ਪਿੰਡ ਜਾ ਕੇ ਬੂਥ ਲੈਵਲ ਏਜੰਟਾਂ (ਭ਼ਲ਼ਅ) ਦੀਆਂ ਮਜ਼ਬੂਤ ਟੀਮਾਂ ਤਿਆਰ ਕਰਨ, ਬਸਪਾ ਹਰ ਪਿੰਡ ਅਤੇ ਹਰ ਬੂਥ 'ਤੇ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੁਆਰਾ ਦਿੱਤੇ ਗਏ ਵੋਟ ਦੇ ਅਧਿਕਾਰ ਦੀ ਪੰਜਾਬੀਆਂ ਦੀ ਰਾਖੀ ਕਰੇ

ਬਸਪਾ ਆਗੂ ਸੋਨੂੰ ਕੁਲਥਮ ਦੇ ਨਿਵਾਸ ਤੇ ਬਸਪਾ ਆਗੂ ਪ੍ਰਵੀਨ ਬੰਗਾ ਨੇ ਪ੍ਰੈਸ ਨੂੰ ਜਾਣਕਾਰੀ ਸਾਂਝੀ ਕੀਤੀ ਇਸ ਮੌਕੇ ਤੇ ਬੰਗਾ ਹਲਕੇ ਦੇ ਜਨਰਲ ਸਕੱਤਰ ਚਰਨਜੀਤ ਮੰਢਾਲੀ, ਰਿਟਾਇਰ ਜੇ ਈ ਮਲਕੀਤ ਮੰਢਾਲੀ ਬਸਪਾ ਆਗੂ ਲੇਖ ਰਾਜ ਕੁਲਥਮ ਰਕੇਸ਼ ਕੁਮਾਰ ਕੁਲਥਮਨੇ 12ਜੂਨ ਦੇ ਨਵਾਂਸ਼ਹਿਰ ਦੇ ਧਰਨਾ ਪ੍ਰਦਰਸ਼ਨ ਵਿਚ ਪਹੁੰਚਣ ਦੀ ਅਪੀਲ ਕੀਤੀ।

# ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹਾ ਪੱਧਰੀ ਵਿਜੀਲੈਂਸ ਅਤੇ ਮੋਨੀਟਰਿੰਗ ਕਮੇਟੀ ਦੀ ਮੀਟਿੰਗ

## ਅਧਿਕਾਰੀਆਂ ਨੂੰ ਐਕਟ ਦੀ ਪਾਲਣਾ ਦੀ ਹਦਾਇਤ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਵੱਲੋਂ The Proihibiton of Employment as Manual Scavenger and thier Rehaibiltaiton Act 2013 ਤਹਿਤ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਨਵਾਂਸ਼ਹਿਰ ਦੇ ਮੀਟਿੰਗ ਹਾਲ ਵਿਖੇ ਜ਼ਿਲ੍ਹਾ ਪੱਧਰੀ ਵਿਜੀਲੈਂਸ ਅਤੇ ਮੋਨੀਟਰਿੰਗ ਕਮੇਟੀ ਕਰਵਾਈ ਗਈ। ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਸਰਕਾਰ ਦੀਆਂ ਹਦਾਇਤਾਂ ਅਤੇ ਮੈਨੂਅਲ ਸਕਵੈਂਜਰ ਐਕਟ 2013 ਦੀ ਪਾਲਣਾਂ ਨੂੰ ਯਕੀਨੀ ਬਣਾਉਣ। ਮੀਟਿੰਗ ਵਿੱਚ ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ ਰਵਿੰਦਰ ਪਾਲ ਸਿੰਘ ਸੰਧੂ ਨੇ ਮੀਟਿੰਗ ਵਿੱਚ ਹਾਜ਼ਰ ਅਧਿਕਾਰੀਆਂ ਅਤੇ ਗੈਰ ਸਰਕਾਰੀ ਮੈਂਬਰਾਂ ਨੂੰ ਮੈਨੂਅਲ ਸਕਵੈਂਜਰ ਐਕਟ, 2013 ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਐਕਟ ਤਹਿਤ ਮਲੀਨ ਕਿੱਤਾ ਕਰਨ ਵਾਲੇ ਮਜਦੂਰਾਂ ਦੀ ਭਾਲ ਕਰਕੇ ਉਨ੍ਹਾਂ ਨੂੰ ਇਸ ਕੰਮ ਤੋਂ ਨਿਜਾਤ ਦਿਵਾਉਣਾ,ਿ ਨ ਸ ੳ ਿ ਨ ਟ ੳ ਰ ੇ ਲੳਟਰਿਨਏ ਨੂੰ ਖਤਮ ਕਰਨਾ ਜਾਂ ਿ ਨਸੳਨਿਟੳਰੇ ਲੳਟਰਿਨਏ ਤੋਂ ਸੳਨਿਟੳਰੇ ਲੳਟਰਿਨਏ ਵਿੱਚ ਕੰਨਵਰਟ ਕਰਨਾ ਇਸ ਐਕਟ ਦਾ ਮੁੱਖ ਮੰਤਵ ਹੈ। ਇਸ ਐਕਟ ਤਹਿਤ ਭਾਰਤ ਸਰਕਾਰ ਵਲੋਂ 01 ਫਰਵਰੀ 2024 ਦੀਆਂ ਗਾਈਡਲਾਈਨਜ ਅਨੁਸਾਰ ਜਿਲ੍ਹਾ ਪੱਧਰੀ ਸਰਵੇ ਕਮੇਟੀ ਵੀ ਗਠਿਤ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਲੋਕਲ ਬਾਡੀ ਵਿਭਾਗ ਵਲੋਂ ਜਿਲ੍ਹੇ ਅੰਦਰ ਮੈਨੂੰਅਲ ਸਕਵੈਜਰ ਸਬੰਧੀ ਸਰਵੇ ਕਰਵਾਇਆ ਗਿਆ ਸੀ, ਜਿਸ ਸਬੰਧੀ ਵੱਖ ਵੱਖ ਕਾਰਜ ਸਾਧਕ ਅਫਸਰਾਂ ਅਤੇ ਬਲਾਕ ਵਿਕਾਸ ਅਤੇ ਪੰਚਾਇਤ ਅਫਸਰਾਂ ਵਲੋਂ ਨਿੱਲ ਰਿਪੋਰਟ ਭੇਜੀ ਗਈ ਸੀ। ਇਸ ਰਿਪੋਰਟ ਦੇ ਸਨਮੁੱਖ ਡਿਪਟੀ ਕਮਿਸ਼ਨਰ ਵਲੋਂ ਸ਼ਹੀਦ ਭਗਤ ਸਿੰਘ ਨਗਰ ਨੂੰ ਮੈਨੂੰਅਲ ਸਕਵੈਜਰ ਮੁਕਤ ਜਿਲ੍ਹਾ ਘੋਸ਼ਿਤ ਕੀਤਾ ਗਿਆ ਸੀ ਅਤੇ ਜਿਸਦੀ ਰਿਪੋਰਟ ਨਮਸਤੇ ਪੋਰਟਲ ਤੇ ਵੀ ਅਪਲੋਡ ਕਰਦੇ ਹੋਏ ਇਸਦੀ ਸੂਚਨਾਂ ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਨੂੰ ਵੀ ਭੇਜ ਦਿੱਤੀ ਗਈ ਸੀ। ਉਨ੍ਹਾਂ ਦੱਸਿਆ ਕਿ ਸਾਲ 2025-26 ਦੌਰਾਨ ਵੀ ਵੱਖ-ਵੱਖ ਕਾਰਜ ਸਾਧਕ ਅਫਸਰਾਂ ਅਤੇ ਬਲਾਕ ਵਿਕਾਸ ਅਤੇ ਪੰਚਾਇਤ ਅਫਸਰਾਂ ਵਲੋਂ ਮੈਨੁਅਲ ਸਕਵੈਜਰ ਸਬੰਧੀ ਰਿਪੋਰਟ ਨਿਲ ਪ੍ਰਾਪਤ ਹੋਈ ਹੈ । ਸਰਕਾਰ ਦੇ ਹੁਕਮਾਂ ਅਨੁਸਾਰ ਸਬ ਡਵੀਜਨ ਪੱਧਰ ਨਵਾਂਸ਼ਹਿਰ ਤੇ ਮਿਤੀ 10-06-2026 ਨੂੰ ਉੱਪ ਮੰਡਲ ਮੈਜਿਸਟ੍ਰੇਟ ਨਵਾਂਸ਼ਹਿਰ ਦੀ ਪ੍ਰਧਾਨਗੀ ਹੇਠ ਮੀਟਿੰਗ ਕਰਵਾਈ ਜਾ ਚੁੱਕੀ ਹੈ। ਡਿਪਟੀ ਕਮਿਸ਼ਨਰ ਵੱਲੋਂ ਇਸ ਤੋਂ ਬਾਅਦ ਅਨੁਸੂਚਿਤ ਜਾਤੀਆਂ ਤੇ ਅਨੁਸੂਚਿਤ ਕਬੀਲਿਆਂ ਤੇ ਅੱਤਿਚਾਰ ਰੋਕਥਾਮ ਐਕਟ 1989 ਤਹਿਤ ਜਿਲ੍ਹਾ ਪੱਧਰੀ ਵਿਜੀਲੈਂਸ ਅਤੇ ਮੈਨੀਟਰਿੰਗ ਕਮੇਟੀ ਦੀ ਮੀਟਿੰਗ ਦੀ ਮੀਟਿੰਗ ਕੀਤੀ ਗਈ। ਜਿਸ ਵਿੱਚ ਪੁਲਿਸ ਵਿਭਾਗ ਦੁਆਰਾ ਪ੍ਰਾਪਤ ਐਟਰੋਸਿਟੀ ਐਕਟ ਤਹਿਤ ਦਰਜ ਕੇਸਾਂ ਦੀ ਸਮੀਖਿਆ ਕੀਤੀ ਗਈ। ਜਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫਸਰ ਨੇ ਦੱਸਿਆ ਕਿ ਪੁਲਿਸ ਵਿਭਾਗ ਵਲੋਂ ਕੁੱਲ 27 ਕੇਸ ਪ੍ਰਾਪਤ ਹੋਏ ਸਨ, ਜਿਸ ਵਿੱਚ ਕੇਸਾਂ ਦੀ ਮੌਜੂਦਾ ਸਥਿਤੀ ਦੇ ਸਨਮੁੱਖ 12 ਕੇਸਾਂ ਨੂੰ ਅਦਾਇਗੀ ਹਿੱਤ ਮੁੱਖ ਦਫਤਰ ਵਲੋਂ ਬਜਟ ਦੀ ਮੰਗ ਕੀਤੀ ਗਈ ਹੈ ਅਤੇ ਬਾਕੀ ਕੇਸਾਂ ਵਿੱਚ ਅਦਾਇਗੀ ਕਰਨ ਸਬੰਧੀ ਜ਼ਿਲ੍ਹਾ ਅਟਾਰਨੀ ਨਾਲ ਵੱਖਰੇ ਤੌਰ 'ਤੇ ਮੈਟਰ ਟੇਕ ਅਪ ਕਰਨ ਦੀ ਸਲਾਹ ਦਿੱਤੀ ਗਈ ਹੈ।

# ਸਪੈਸ਼ਲ ਇਨਟੈਂਸਿਵ ਰਵੀਜ਼ਨ (SIR)-2026 ਤਹਿਤ ਜ਼ਿਲ੍ਹਾ ਪੱਧਰੀ ਮਾਸਟਰ ਟ੍ਰੇਨਰਾਂ ਵੱਲੋਂ ਚੋਣ ਹਲਕਾ ਪੱਧਰ ਦੇ ਮਾਸਟਰ ਟ੍ਰੇਨਰਾਂ ਨੂੰ ਦਿੱਤੀ ਟ੍ਰੇਨਿੰਗ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਵਿੱਚ ਵੋਟਰ ਸੂਚੀਆਂ ਦੀ ਸਪੈਸ਼ਲ ਇਨਟੈਂਸਿਵ ਰਵੀਜ਼ਨ (SIR)-2026 ਨੂੰ ਸਫ਼ਲ ਬਣਾਉਣ ਲਈ, ਜ਼ਿਲ੍ਹਾ ਪੱਧਰੀ ਮਾਸਟਰ ਟ੍ਰੇਨਰਾਂ ਵੱਲੋਂ ਚੋਣ ਹਲਕਾ ਪੱਧਰ ਦੇ ਮਾਸਟਰ ਟ੍ਰੇਨਰਾਂ ਨੂੰ ਸਿਖਲਾਈ ਦੇਣ ਲਈ ਦੋ ਰੋਜ਼ਾ ਟ੍ਰੇਨਿੰਗ ਵਰਕਸ਼ਾਪ ਵਧੀਕ ਡਿਪਟੀ ਕਮਿਸ਼ਨਰ (ਜ) ਸੰਜੀਵ ਸ਼ਰਮਾ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਖੇ ਲਗਾਈ ਗਈ। ਇਸ ਟ੍ਰੇਨਿੰਗ ਵਰਕਸ਼ਾਪ ਵਿੱਚ ਐਸ.ਡੀ.ਐਮ. ਨਵਾਂਸ਼ਹਿਰ ਅਨਮਜਯੋਤ ਕੌਰ, ਸਹਾਇਕ ਕਮਿਸ਼ਨਰ ਜਨਰਲ ਰਮਨਜੀਤ, ਜਿਲ੍ਹਾ ਸੂਚਨਾ ਅਫ਼ਸਰ ਵਿਸ਼ਾਲ ਸਰ੍ਹਮਾ, ਸੁਰਿੰਦਰ ਪਾਲ ਅਗਨੀਹੋਤਰੀ, ਜ਼ਿਲ੍ਹਾ ਟਾਊਨ ਪਲੈਨਰ ਗੁਰਮੁੱਖ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ ਅਨਿਤਾ ਸ਼ਰਮਾ,ਡਿਪਟੀ ਡੀ.ਈ.ਓ. ਲਖਵੀਰ ਸਿੰਘ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਜਗਰੂਪ ਸਿੰਘ, ਡੀ.ਸੀ.ਪੀ.ਓ ਕੰਚਨ ਅਰੋੜਾ ਅਤੇ ਵੱਖ-ਵੱਖ ਟੀਮ ਦੇ ਨੋਡਲ ਅਫ਼ਸਰ ਤੇ ਮੈਂਬਰ ਹਾਜ਼ਰ ਸਨ। ਵਧੀਕ ਡਿਪਟੀ ਕਮਿਸ਼ਨਰ (ਜ) ਸੰਜੀਵ ਸ਼ਰਮਾਂ ਨੇ ਦੱਸਿਆ ਕਿ ਟ੍ਰੇਨਿੰਗ ਦੌਰਾਨ ਜ਼ਿਲ੍ਹਾ ਮਾਸਟਰ ਟ੍ਰੇਨਰਾਂ ਵੱਲੋਂ ਚੋਣ ਹਲਕਾ ਪੱਧਰ ਦੇ ਮਾਸਟਰ ਟ੍ਰੇਨਰਾਂ ਅਤੇ ਵੱਖ-ਵੱਖ ਟੀਮਾਂ ਨੋਡਲ ਅਫ਼ਸਰ ਤੇ ਮੈਂਬਰਾਂ ਨੂੰ ਵੋਟਰ ਸੂਚੀ ਦੀ ਵਿਸ਼ੇਸ਼ ਸੰਘਣੀ ਸੋਧ ਪ੍ਰਕਿਰਿਆ ਅਤੇ ਗਣਨਾ ਫਾਰਮ ਭਰਨ ਦੇ ਤਰੀਕੇ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੂੰ ਫਾਰਮ ਵਿੱਚ ਦਰਜ ਕੀਤੇ ਜਾਣ ਵਾਲੇ ਵੇਰਵਿਆਂ, ਲੋੜੀਂਦੇ ਦਸਤਾਵੇਜ਼ਾਂ ਅਤੇ ਆਨਲਾਈਨ ਅਪਲੋਡਿੰਗ ਪ੍ਰਕਿਰਿਆ ਤੋਂ ਵੀ ਜਾਣੂ ਕਰਵਾਇਆ ਗਿਆ। ਵਧੀਕ ਡਿਪਟੀ ਕਮਿਸ਼ਨਰ (ਜ) ਨੇ ਕਿਹਾ ਕਿ ਐਸ.ਆਈ.ਆਰ. ਦਾ ਮੁੱਖ ਉਦੇਸ਼ ਵੋਟਰ ਸੂਚੀ ਨੂੰ 100% ਸ਼ੁੱਧ ਅਤੇ ਅੱਪਡੇਟ ਕਰਨਾ ਹੈ। ਇਸ ਲਈ ਹਰੇਕ ਬੀ.ਐਲ.ਓ ਵੱਲੋਂ 25 ਜੂਨ ਤੋਂ 24 ਜੁਲਾਈ 2026 ਤੱਕ ਆਪਣੇ-ਆਪਣੇ ਬੂਥ ਖੇਤਰ ਵਿੱਚ ਘਰ-ਘਰ ਜਾ ਕੇ ਗਣਨਾ ਫਾਰਮ ਭਰਨ ਦਾ ਕੰਮ ਪੂਰੀ ਤਨਦੇਹੀ ਅਤੇ ਨਿਰਪੱਖਤਾ ਨਾਲ ਕਰੇ। ਉਨ੍ਹਾਂ ਕਿਹਾ ਕਿ ਫਾਰਮ ਭਰਨ ਸਮੇਂ ਕਿਸੇ ਵੀ ਯੋਗ ਵੋਟਰ ਦਾ ਨਾਂ ਛੁੱਟਣ ਨਾ ਦਿੱਤਾ ਜਾਵੇ ਅਤੇ ਕੋਈ ਵੀ ਗਲਤ ਜਾਣਕਾਰੀ ਦਰਜ ਨਾ ਕੀਤੀ ਜਾਵੇ।

# ਸੀਨੀਅਰ ਵੂਮੈਨ ਕ੍ਰਿਕਟ ਵਿੱਚ ਲਗਾਤਾਰ ਤੀਜੀ ਜਿੱਤ ਨਾਲ ਹੁਸ਼ਿਆਰਪੁਰ ਨੇ ਕੀਤਾ ਕੁਆਰਟਰ ਫਾਈਨਲ ਵਿੱਚ ਪ੍ਰਵੇਸ਼ : ਡਾ. ਰਮਨ ਘਈ

## ਜ਼ਿਲ੍ਹਾ ਰੋਪੜ ਦੀ ਟੀਮ ਨੂੰ 5 ਵਿਕਟਾਂ ਨਾਲ ਹਰਾ ਕੇ ਅੰਕ ਪ੍ਰਾਪਤ ਕੀਤੇ 4

**ਹੁਸ਼ਿਆਰਪੁਰ 11 ਜੂਨ (ਤਰਸੇਮ ਦੀਵਾਨਾ)** - ਪੰਜਾਬ ਕ੍ਰਿਕਟ ਐਸੋਸੀਏਸ਼ਨ ਵੱਲੋਂ ਕਰਵਾਈ ਜਾ ਰਹੀ ਅੰਤਰ ਜ਼ਿਲ੍ਹਾ ਸੀਨੀਅਰ ਵੂਮੈਨ ਕ੍ਰਿਕਟ ਟੂਰਨਾਮੈਂਟ ਵਿੱਚ ਹੁਸ਼ਿਆਰਪੁਰ ਦੀ ਟੀਮ ਨੇ ਜ਼ਿਲ੍ਹਾ ਰੋਪੜ ਦੀ ਟੀਮ ਨੂੰ 5 ਵਿਕਟਾਂ ਨਾਲ ਹਰਾ ਕੇ ਲਗਾਤਾਰ ਤੀਜੀ ਜਿੱਤ ਹਾਸਲ ਕਰਦਿਆਂ ਕੁਆਰਟਰ ਫਾਈਨਲ ਵਿੱਚ ਪ੍ਰਵੇਸ਼ ਕਰ ਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐਚ.ਡੀ.ਸੀ.ਏ. ਸਕੱਤਰ ਡਾ. ਰਮਨ ਘਈ ਨੇ ਦੱਸਿਆ ਕਿ 50-50 ਓਵਰਾਂ ਦੇ ਇਸ ਮੈਚ ਵਿੱਚ ਰੋਪੜ ਟੀਮ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫੈਸਲਾ ਲਿਆ। ਹੁਸ਼ਿਆਰਪੁਰ ਦੀ ਸ਼ਾਨਦਾਰ ਗੇਂਦਬਾਜ਼ੀ ਅੱਗੇ ਰੋਪੜ ਦੀ ਟੀਮ 27.4 ਓਵਰਾਂ ਵਿੱਚ ਸਿਰਫ਼ 69 ਦੌੜਾਂ ਬਣਾ ਕੇ ਆਲ ਆਊਟ ਹੋ ਗਈ। ਜਿਸ ਵਿੱਚ ਚਹਿਲਪ੍ਰੀਤ ਕੌਰ ਨੇ 21 ਦੌੜਾਂ ਤੇ ਐਸ਼ਮੀਨ ਕੌਰ ਨੇ 12 ਦੌੜਾਂ ਦਾ ਯੋਗਦਾਨ ਪਾਇਆ। ਹੁਸ਼ਿਆਰਪੁਰ ਵੱਲੋਂ ਸ਼ਾਨਦਾਰ ਗੇਂਦਬਾਜ਼ੀ ਕਰਦਿਆਂ ਅੰਜਲੀ ਸੀਮਰ ਤੇ ਮਨਪ੍ਰੀਤ ਓਲਖ ਨੇ 2-2 ਵਿਕਟਾਂ ਅਤੇ ਵੰਸ਼ਿਕਾ, ਧਰੁਵਿਕਾ ਸੇਠ ਤੇ ਸੰਜਨਾ ਨੇ 1-1 ਖਿਡਾਰੀ ਨੂੰ ਆਊਟ ਕੀਤਾ। 50 ਓਵਰਾਂ ਵਿੱਚ ਜਿੱਤ ਲਈ 70 ਦੌੜਾਂ ਦਾ ਟੀਚਾ ਲੈ ਕੇ ਬੱਲੇਬਾਜ਼ੀ ਕਰਨ ਉਤਰੀ ਹੁਸ਼ਿਆਰਪੁਰ ਦੀ ਟੀਮ ਨੇ ਸ਼ਿਵਾਨੀ ਦੇ ਨਾਬਾਦ 30 ਦੌੜਾਂ ਦੀ ਬਦੌਲਤ 18.5 ਓਵਰਾਂ ਵਿੱਚ 5 ਵਿਕਟਾਂ ਦੇ ਨੁਕਸਾਨ 'ਤੇ 70 ਦੌੜਾਂ ਬਣਾ ਕੇ 5 ਵਿਕਟਾਂ ਨਾਲ ਇਹ ਮੈਚ ਜਿੱਤ ਕੇ ਟੂਰਨਾਮੈਂਟ ਦੇ ਫਾਈਨਲ ਵਿੱਚ ਪ੍ਰਵੇਸ਼ ਕਰ ਲਿਆ। ਡਾ. ਘਈ ਨੇ



ਦੱਸਿਆ ਕਿ ਸ਼ਿਵਾਨੀ ਤੋਂ ਇਲਾਵਾ ਹੁਸ਼ਿਆਰਪੁਰ ਵੱਲੋਂ ਨਿਰੰਕਾ ਨੇ 10 ਤੇ ਅਨੰਨਿਆ ਠਾਕੁਰ ਨੇ ਨਾਬਾਦ 11 ਦੌੜਾਂ ਦਾ ਯੋਗਦਾਨ ਪਾਇਆ। ਰੋਪੜ ਵੱਲੋਂ ਗੇਂਦਬਾਜ਼ੀ ਕਰਦਿਆਂ ਹਰਲੀਨ ਕੌਰ ਨੇ 3 ਤੇ ਗੁਨੀਤ ਕੌਰ ਨੇ ਹੁਸ਼ਿਆਰਪੁਰ ਦੇ 2 ਖਿਡਾਰੀਆਂ ਨੂੰ ਆਊਟ ਕੀਤਾ। ਉਨ੍ਹਾਂ ਨੇ ਦੱਸਿਆ ਕਿ ਹੁਸ਼ਿਆਰਪੁਰ ਟੀਮ ਆਪਣਾ ਅੰਤਿਮ ਲੀਗ ਮੈਚ 13 ਜੂਨ ਨੂੰ ਨਵਾਂਸ਼ਹਿਰ ਨਾਲ ਨਵਾਂਸ਼ਹਿਰ ਵਿੱਚ ਖੇਡੇਗੀ। ਹੁਸ਼ਿਆਰਪੁਰ ਦੀ ਜਿੱਤ 'ਤੇ ਐਚ.ਡੀ.ਸੀ.ਏ. ਪ੍ਰਧਾਨ ਡਾ. ਦਲਜੀਤ ਖੇਲਾ ਨੇ ਟੀਮ ਨੂੰ ਕੁਆਰਟਰ ਫਾਈਨਲ ਵਿੱਚ ਪਹੁੰਚਣ 'ਤੇ ਵਧਾਈ ਦਿੰਦਿਆਂ ਉਨ੍ਹਾਂ ਨੂੰ ਅਗਲੇ ਮੈਚਾਂ ਲਈ ਸ਼ੁਭਕਾਮਨਾਵਾਂ ਦਿੱਤੀਆਂ। ਹੁਸ਼ਿਆਰਪੁਰ ਟੀਮ ਦੀ ਜਿੱਤ 'ਤੇ ਐਚ.ਡੀ.ਸੀ.ਏ. ਸੰਯੁਕਤ ਸਕੱਤਰ ਵਿਵੇਕ ਸਾਹਨੀ, ਠਾਕੁਰ ਯੋਗਰਾਜ, ਜਤਿੰਦਰ ਸੂਦ, ਸੁਭਾਸ਼ ਸ਼ਰਮਾ, ਅਮਿਤ ਠਾਕੁਰ ਤੋਂ ਇਲ-ਾਵਾ ਸਾਰੇ ਐਚ.ਡੀ.ਸੀ.ਏ. ਅਹੁਦੇਦਾਰਾਂ ਨੇ ਟੀਮ ਨੂੰ ਵਧਾਈ ਦਿੱਤੀ। ਹੁਸ਼ਿਆਰਪੁਰ ਦੇ ਕੁਆਰਟਰ ਫਾਈਨਲ ਵਿੱਚ ਪਹੁੰਚਣ 'ਤੇ ਟੀਮ ਕੋਚ ਦਵਿੰਦਰ ਕੌਰ ਕਲਿਆਣ, ਜੂਨੀਅਰ ਕੋਚ ਨਿਕਿਤਾ ਕੁਮਾਰੀ, ਜ਼ਿਲ੍ਹਾ ਕੋਚ ਦਲਜੀਤ ਸਿੰਘ, ਪ੍ਰਵੀਨ ਸ਼ਿੰਟੂ, ਪੰਕਜ ਪਿੰਕਾ, ਦਿਨੇਸ਼ ਸ਼ਰਮਾ, ਅਸ਼ੋਕ ਸ਼ਰਮਾ ਆਦਿ ਨੇ ਵੀ ਟੀਮ ਨੂੰ ਵਧਾਈ ਦਿੰਦਿਆਂ ਅਗਲੇ ਮੈਚਾਂ ਲਈ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ। ਹੁਸ਼ਿਆਰਪੁਰ ਸੀਨੀਅਰ ਵੂਮੈਨ ਟੀਮ ਦੇ ਕੁਆਰਟਰ ਫਾਈਨਲ ਵਿੱਚ ਪਹੁੰਚਣ 'ਤੇ ਡਾ. ਰਮਨ ਘਈ ਨੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਹੁਸ਼ਿਆਰਪੁਰ ਦੀ ਵੂਮੈਨ ਕ੍ਰਿਕਟ ਦਾ ਭਵਿੱਖ ਉਜਵਲ ਹੈ। ਉਨ੍ਹਾਂ ਨੇ ਕਿਹਾ ਕਿ ਜਿਸ ਮਿਹਨਤ ਤੇ ਲਗਨ ਨਾਲ ਬੱਚੀਆਂ ਕ੍ਰਿਕਟ ਦੀਆਂ ਬਾਰੀਕੀਆਂ ਸਿੱਖ ਕੇ ਹੁਸ਼ਿਆਰਪੁਰ ਦਾ ਨਾਮ ਰੌਸ਼ਨ ਕਰ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ਜਲਦ ਹੀ ਕੋਈ ਖਿਡਾਰਨ ਮਹਿਲਾ ਆਈ.ਪੀ.ਐਲ. ਅਤੇ ਰਾਸ਼ਟਰੀ ਟੀਮ ਵਿੱਚ ਆਪਣੀ ਜਗ੍ਹਾ ਬਣਾਏਗੀ। ਉਨ੍ਹਾਂ ਨੇ ਕ੍ਰਿਕਟ ਵਿੱਚ ਰੁਚੀ ਰੱਖਣ ਵਾਲੀਆਂ ਸਾਰੀਆਂ ਖਿਡਾਰਨਾਂ ਤੋਂ ਆਵਾਹਨ ਕੀਤਾ ਕਿ ਉਹ ਐਚ.ਡੀ.ਸੀ.ਏ. ਸੈਂਟਰ ਵਿੱਚ ਆ ਕੇ ਚੰਗਾ ਅਭਿਆਸ ਕਰਕੇ ਕ੍ਰਿਕਟ ਵਿੱਚ ਆਪਣਾ ਚੰਗਾ ਭਵਿੱਖ ਬਣਾ ਸਕਦੀਆਂ ਹਨ। ਉਨ੍ਹਾਂ ਨੇ ਹੁਸ਼ਿਆਰਪੁਰ ਟੀਮ ਨੂੰ ਕੁਆਰਟਰ ਫਾਈਨਲ ਲਈ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ।

**ਫੋਟੋ ਅਜਮੇਰ ਦੀਵਾਨਾ**

# 14 ਜੂਨ ਨੂੰ ਪੰਜਾਬੀ ਭਵਨ ਵਿਖੇ ਆਲ ਇੰਡੀਆ ਪੰਜਾਬ ਨੈਸ਼ਨਲ ਬੈਂਕ ਪੈਨਸ਼ਨਰਜ ਅਤੇ ਰਿਟਾਇਰਜ ਐਸੋਸੀਏਸ਼ਨ ਦੀ ਮੀਟਿੰਗ



**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)** ਆਲ ਇੰਡੀਆ ਪੰਜਾਬ ਨੈਸ਼ਨਲ ਬੈਂਕ ਪੈਨਸ਼ਨਰਜ ਅਤੇ ਰਿਟਾਇਰੀਜ ਐਸੋਸੀਏਸ਼ਨ (ਲੁਧਿਆਣਾ ਯੂਨਿਟ) ਦੀ ਮੀਟਿੰਗ ਪੰਜਾਬੀ ਭਵਨ ਲੁਧਿਆਣਾ ਵਿਖੇ 14 ਜੂਨ ਨੂੰ ਸ੍ਰੀ ਅਸ਼ੋਕ ਗੁਪਤਾ ਦੀ ਸਰਪ੍ਰਸਤੀ ਹੇਠ ਹੋਵੇਗੀ। ਇਸ ਮੀਟਿੰਗ 'ਚ ਪੈਨਸ਼ਨਰਜ ਦੀਆਂ ਮੌਜੂਦਾ ਸਮੱਸਿਆਵਾਂ ਤੇ ਵਿਸਥਾਰ ਨਾਲ ਚਰਚਾ ਕੀਤੀ ਜਾਏਗੀ। ਇਹ ਜਾਣਕਾਰੀ ਅੱਜ ਐਸੋਸੀਏਸ਼ਨ ਦੇ ਅਹੁਦੇਦਾਰਾਂ ਨੇ ਮੀਡੀਆ ਨਾਲ ਸਾਂਝੀ ਕੀਤੀ। ਇਸ ਮੌਕੇ ਪੀ ਕੇ ਨਈਅਰ, ਆਤਮਾ ਰਾਮ ਤਿਵਾੜੀ ਪ੍ਰਧਾਨ, ਰੇਸ਼ਮ ਸਿੰਘ ਸਰਕਲ ਸੈਕਟਰੀ, ਅਸ਼ੋਕ ਗੁਪਤਾ, ਕੇ ਕੇ ਮਹਿੰਦਰੂ, ਪਰਮਜੀਤ ਸਿੰਘ ਸਵੱਦੀ, ਐਸ ਐਸ ਵਾਲੀਆ, ਅਰੁਣ ਕੁਮਾਰ ਸੱਗੜ, ਅਮਰੀਕ ਸਿੰਘ, ਪ੍ਰਮਜੀਤ ਸਿੰਘ ਮੁਲਾਂਪੁਰ, ਓਂਕਾਰ ਗੁਪਤਾ, ਕਰਮਜੀਤ ਸਿੰਘ, ਰੇਵਤੀ ਰਾਮ ਸ਼ਰਮਾ, ਸੁਸ਼ੀਲ ਕੁਮਾਰ ਸ਼ਰਮਾ, ਗੋਬਿੰਦਰ ਸਿੰਘ ਸੋਹਲ, ਬਲਜਿੰਦਰ ਸਿੰਘ, ਨਰਿੰਦਰ ਕੁਮਾਰ, ਸੁਭਾਸ਼ ਗੁਪਤਾ, ਸੁਰਿੰਦਰ ਸਿੰਘ ਕੇ ਫਾਰਮ ਹਾਊਸ ਵਾਲੇ ਅਤੇ ਅਮਰਜੀਤ ਮਾਨ ਆਦਿ ਹਾਜਿਰ ਸਨ।

# ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਸੁਣੀਆਂ ਸੁਤੰਤਰਤਾ ਸੰਗਰਾਮੀਆਂ ਦੀਆਂ ਮੰਗਾਂ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਅੱਜ ਆਪਣੇ ਦਫਤਰ ਵਿੱਚ ਸੁਤੰਤਰਤਾ ਸੰਗਰਾਮੀਆਂ ਦੇ ਇੱਕ ਵਫ਼ਦ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਤੇ ਮੰਗਾਂ ਧਿਆਨ ਨਾਲ ਸੁਣੀਆਂ। ਵਫ਼ਦ ਨੇ ਡਿਪਟੀ ਕਮਿਸ਼ਨਰ ਨੂੰ ਰੇਲਵੇ ਵਿੱਚ ਫਰੀ ਸਫਰ ਸਹੂਲਤ, ਪੈਨਸ਼ਨ, ਮੈਡੀਕਲ ਸਹੂਲਤਾਂ, 300 ਯੂਨਿਟ ਬਿਜਲੀ ਫਰੀ ਅਤੇ ਹੋਰ ਭਲਾਈ ਸਕੀਮਾਂ ਨਾਲ ਸਬੰਧਤ ਮੁੱਦਿਆਂ ਤੋਂ ਜਾਣੂ ਕਰਵਾਇਆ। ਸੰਗਰਾਮੀਆਂ ਨੇ ਆਜ਼ਾਦੀ ਦੀ ਲੜਾਈ ਵਿੱਚ ਆਪਣੇ ਯੋਗਦਾਨ ਦਾ ਜ਼ਿਕਰ ਕੀਤੀ। ਡਿਪਟੀ ਕਮਿਸ਼ਨਰ



ਗੁਲਪ੍ਰੀਤ ਸਿੰਘ ਔਲਖ ਨੇ ਕਿਹਾ ਕਿ ਸੁਤੰਤਰਤਾ ਸੰਗਰਾਮੀਆਂ ਵੱਲੋਂ ਜੋ ਮੰਗਾਂ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੀਆਂ ਗਈਆਂ ਹਨ, ਉਨ੍ਹਾਂ ਵਿਚੋਂ ਕੁਝ ਮੰਗਾਂ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਨਾਲ ਸਬੰਧਤ ਹਨ ਅਤੇ ਬਹੁਤ ਸਾਰੀਆਂ ਮੰਗਾਂ ਪਹਿਲਾਂ ਤੋਂ ਹੀ ਸਰਕਾਰ ਵੱਲੋ ਸੁਤੰਤਰਤਾ ਸੰਗਰਾਮੀਆਂ ਨੂੰ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਡਿਪਟੀ ਕਮਿਸ਼ਨਰ ਨੇ ਸੁਤੰਤਰਤਾ ਸੰਗਰਾਮੀਆਂ ਨੂੰ ਰਾਸ਼ਟਰ ਦੇ ਅਸਲ ਨਾਇਕ ਕਰਾਰ ਦਿੰਦਿਆਂ ਕਿਹਾ ਕਿ ਦੇਸ਼ ਦੀ ਆਜ਼ਾਦੀ ਲਈ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਜਾਇਜ਼ ਮੰਗਾਂ ਦੇ ਨਿਪਟਾਰੇ ਲਈ ਪ੍ਰਸ਼ਾਸਨ ਵੱਲੋਂ ਤਰਜੀਹੀ ਆਧਾਰ 'ਤੇ ਕਾਰਵਾਈ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸੁਤੰਤਰਤਾ ਸੰਗਰਾਮੀਆਂ ਦੀਆਂ ਅਰਜ਼ੀਆਂ ਦੀ ਛੇਤੀ ਪੜਤਾਲ ਕਰਕੇ ਰਿਪੋਰਟ ਪੇਸ਼ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਵਿੱਚ ਕਿਸੇ ਕਿਸਮ ਦੀ ਦੇਰੀ ਨਾ ਹੋਵੇ। ਉਨ੍ਹਾਂ ਕਿਹਾ ਕਿ ਸੰਗਰਾਮੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਦੇਖਭਾਲ ਕਰਨਾ ਸਾਡਾ ਫ਼ਰਜ਼ ਹੈ।

# ਪਿੰਡ ਅਟਾਲ ਮਜ਼ਾਰਾਂ ਦੇ ਜਤਿੰਦਰ ਸਿੰਘ ਹਨੀ ਦੀ ਇਟਲੀ ਵਿੱਚ ਦਿਲ ਦੀ ਧੜਕਣ ਰੁਕਣ ਨਾਲ ਹੋਈ ਮੌਤ

**ਸੜੋਆ (ਸਤਨਾਮ ਸਿੰਘ ਸਹੂੰਗੜਾ)** ਇਥੋਂ ਥੋੜ ਦੂਰੀ ਤੇ ਪੈਂਦੇ ਪਿੰਡ ਅਕਾਲ ਮਜ਼ਾਰਾ ਦੇ ਇੱਕ ਨੋਜਵਾਨ ਲੜਕੇ ਦੀ ਇਟਲੀ ਵਿੱਚ ਮੌਤ ਹੋਣ ਦੀ ਦੁਖਦਾਈ ਖ਼ਬਰ ਸਾਹਮਣੇ ਆਈ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਜਤਿੰਦਰ ਸਿੰਘ ਹਨੀ ਪੁੱਤਰ ਸੁੱਚਾ ਸਿੰਘ ਜੋ ਕਿ ਕੁਝ ਸਾਲ ਪਹਿਲਾਂ ਰੋਜ਼ੀ ਰੋਟੀ ਕਮਾਉਣ ਦੇ ਚੱਕਰ ਵਿੱਚ ਯੂਰੋਪ ਦੇ ਇਟਲੀ ਦੇਸ਼ ਦੇ ਰੋਮ ਸ਼ਹਿਰ ਵਿੱਚ ਆਪਣੇ ਤੇ ਪਿੱਛੇ ਪਿੰਡ ਬੈਠੇ ਪਰਿਵਾਰ ਦੇ ਵਧੀਆ ਭਵਿੱਖ ਲਈ ਗਿਆ ਸੀ। ਪਰ ਕਦੇ ਕਦੇ ਵਿਦੇਸ਼ ਕਮਾਈਆਂ ਕਰਨ ਗਏ ਬੱਚੇ, ਬੱਚੀਆਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਜਿਹੜੇ ਚਿਹਰਿਆਂ ਨੂੰ ਉਹ ਜਾਣ ਵੇਲੇ ਹੱਸਦੇ ਛੱਡ ਕੇ ਜੱਫੀਆਂ ਪਾ ਕੇ ਮਿਲ ਕੇ ਗਏ ਸੀ, ਉਹ ਫਿਰ ਵਾਪਸ ਆਉਣ ਤੇ ਦੁਬਾਰਾ ਮਿਲ ਪਾਉਣਗੇ ਜਾਂ ਨਹੀਂ। ਕੁੱਝ ਅਜੀਬ ਜਿਹਾ ਭਾਣਾ ਜਤਿੰਦਰ ਸਿੰਘ ਹਨੀ ਦੇ ਪਰਿਵਾਰ ਨਾਲ ਕਮਾਈ ਕਰਨ ਗਏ ਪੁੱਤਰ ਦੇ ਇਸ ਦੁਨੀਆਂ



ਤੋਂ ਅਚਾਨਕ ਜਾਣ ਨਾਲ ਵਾਪਰ ਗਿਆ। ਜਤਿੰਦਰ ਸਿੰਘ ਹਨੀ ਪਿਛਲੇ ਕੁਝ ਸਾਲਾਂ ਤੋਂ ਇਟਲੀ ਦੇ ਰੋਮਾਂ ਸ਼ਹਿਰ ਵਿੱਚ ਰਹਿ ਕੇ ਮਿਹਨਤ ਮਜ਼ਦੂਰੀ ਕਰਕੇ ਆਪਣੇ ਪਰਿਵਾਰ ਦਾ ਸਹਾਰਾ ਬਣਿਆ ਹੋਇਆ ਸੀ। ਪਿੱਛੋਂ ਪਰਿਵਾਰ ਵਿੱਚ ਦੋ ਮੌਤਾਂ ਭਰਾ ਤੇ ਪਿਉ ਦੀ ਡੇਢ ਡੇਢ ਸਾਲ ਦੇ ਵਕਫੇ ਨਾਲ ਹੋਣ ਨਾਲ ਪਰਿਵਾਰ ਟੁੱਟ ਗਿਆ ਸੀ। ਸਮਾਂ ਨਾ ਕੇ ਜਤਿੰਦਰ ਸਿੰਘ ਹਨੀ ਪਰਿਵਾਰ ਨੂੰ ਹੌਂਸਲਾ ਦਿੰਦਾ ਹੋਇਆ ਆਪ ਵੱਡਾ ਸਹਾਰਾ ਬਣ ਗਿਆ। ਪਰਿਵਾਰ ਦੀ ਸਾਰੀਆਂ ਜ਼ਿੰਮੇਵਾਰੀਆਂ ਦਾ ਬੋਝ ਇਕੱਲੇ ਨੇ ਚੁੱਕ ਲਿਆ। ਪਰ ਅੱਜ ਜਤਿੰਦਰ ਸਿੰਘ ਹਨੀ ਦੀ ਵੀ ਅਚਾਨਕ ਦਿਲ ਦੀ ਧੜਕਣ ਰੁਕਣ ਨਾਲ ਹੋਈ ਮੌਤ ਦੀ ਖ਼ਬਰ ਪਰਿਵਾਰ ਨੂੰ ਸੋਚਾਂ ਦੇ ਡੂੰਘੇ ਸਮੁੰਦਰਾਂ ਵਿੱਚ ਸੁੱਟ ਦਿੱਤਾ। ਰਿਸ਼ਤੇਦਾਰ ਦੇ ਦੱਸਣ ਮੁਤਾਬਿਕ ਅੱਜ ਸ਼ਾਮ ਤੱਕ ਜਤਿੰਦਰ ਸਿੰਘ ਹਨੀ ਦੀ ਮਿਰਤਕ ਦੇਹ ਦਿੱਲੀ ਏਅਰਪੋਰਟ ਤੇ ਆ ਜਾਵੇਗੀ। ਜਿਸ ਨੂੰ ਲਿਆ ਕੇ ਪਿੰਡ ਅਕਾਲ ਮਜ਼ਾਰਾਂ ਵਿਖੇ ਅੰਤਿਮ ਸੰਸਕਾਰ ਕਰ ਦਿੱਤਾ ਜਾਵੇਗਾ। ਹੁਣ ਜਤਿੰਦਰ ਸਿੰਘ ਹਨੀ ਦੀ ਮੌਤ ਪਿੱਛੋਂ ਪਰਿਵਾਰ ਵਿੱਚ ਮਰਦ ਮੈਂਬਰ ਨਹੀਂ ਬਚਿਆ ਹੈ ਬਲਕਿ ਇਕ ਭੈਣ ਤੇ ਮਾਂ ਹੀ ਬੇਸਹਾਰਾ ਬਚੀਆਂ ਹਨ।

## ਕੋਈ ਫ਼ਰਕ 'ਨੀਂ ਪੈਣਾ



ਦਿਲ ਨੂੰ ਹੈ ਭਰਮ ਭੁਲੇਖਾ ਕੋਈ ,
ਵਰਤੂਗਾ ਕਹਿਰ ਵੀ ।
ਐਪਰ ਸਭ ਕੁੱਝ ਇਓਂ ਹੀ ਰਹੂਗਾ,
ਸਾਡੇ ਬਗੈਰ ਵੀ ।
ਚੰਦ ਸੂਰਜ ਤਾਰੇ ਏਸੇ ਤਰ੍ਹਾਂ ਹੀ ,
ਆਉਂਣਗੇ ਤੇ ਜਾਣਗੇ ;
ਅਤੇ ਪਿੰਡ ਰੰਚਣਾਂ ਦੇ ਕੋ.ਲੋਂ ਦੀ ,
ਵਗਦੀ ਹੋਈ ਨਹਿਰ ਵੀ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ**
**ਸੰਗਰੂਰ -9914836037**

## ਪੰਛੀਆਂ ਦਾ ਧਿਆਨ.....

ਤਪਦੀ ਧੁੱਪ ਦੇ ਲੰਮੇ ਦਿਨ ਨੇ, ਅੱਗ ਵਾਂਗੂੰ ਤਪੇ ਅਸਮਾਨ,
ਆਓ ਮਿਲ ਕੇ ਕਰੀਏ ਯਾਰੋ, ਪੰਛੀਆਂ ਦਾ ਸਨਮਾਨ।

ਸੁੱਕ ਗਏ ਨੇ ਛੱਪੜ-ਟੋਭੇ, ਸੁੱਕ ਗਈ ਹਰ ਛਾਂ,
ਪਾਣੀ ਖਾਤਰ ਤਰਸ ਰਹੇ ਨੇ, ਵੇਖੋ ਨਿੱਕੇ ਪ੍ਰਾਣ।

ਕੋਠੇ ਉੱਤੇ ਰੱਖ ਦਿਓ ਕੌਲਾ, ਭਰ ਕੇ ਠੰਢਾ ਪਾਣੀ,
ਇੱਕ ਬੂੰਦ ਵੀ ਬਣ ਜਾਂਦੀ ਏ, ਉਹਨਾਂ ਲਈ ਜ਼ਿੰਦਗਾਨੀ।

ਦਾਣੇ ਦੀ ਵੀ ਥੋੜੀ ਸੇਵਾ, ਹਰ ਰੋਜ਼ ਕਰ ਲਈਏ,
ਭੁੱਖੇ ਪੰਛੀ ਰੱਬ ਦੇ ਜੀਅ ਨੇ, ਪਿਆਰ ਨਾਲ ਭਰ ਲਈਏ।

ਚਿੜੀਆਂ, ਕਾਂ ਤੇ ਘੁੱਗੀਆਂ ਵੀ, ਸਾਡੇ ਸਾਥੀ ਨੇ,
ਪਾਣੀ, ਦਾਣਾ, ਛਾਂ ਦੇਣਾ ਇਹ ਕੰਮ ਜੋ ਬਾਕੀ ਨੇ।

ਰੁੱਖ ਲਗਾਈਏ, ਛਾਂ ਬਣਾਈਏ, ਇਹੀ ਸੱਚਾ ਦਾਨ,
ਹਰ ਜੀਵ ਦੇ ਜੀਵਨ ਅੰਦਰ, ਵੱਸਦਾ ਰੱਬ ਮਹਾਨ।

ਆਓ ਅੱਜ ਇਹ ਵਾਅਦਾ ਕਰੀਏ, ਰੱਖਾਂਗੇ ਪੂਰਾ ਧਿਆਨ,
ਗਰਮੀਆਂ ਵਿੱਚ ਕਦੇ ਨਾ ਭੁੱਲੀਏ, ਪੰਛੀਆਂ ਦਾ ਸਨਮਾਨ।

ਡਾ ਬਲਜਿੰਦਰ ਕੁਮਾਰ ਕੰਬੋਜ
ਲੁਧਿਆਣਾ।
ਮੋ:-947847596

## ਭੀਮ ਜਿਹਾ ਕੋਈ ਨਹੀਂ ਹੋਇਆ ਨਾ ਹੋਣਾ ਏ



ਭੀਮ ਜਿਹਾ ਕੋਈ ਨਹੀਂ ਹੋਇਆ ਨਾ ਹੋਣਾ ਏ।
ਅਸੀਂ ਗੱਲ ਉਹਦੀ ਕੋਈ ਮੰਨੀ ਨਾ ਇਹੋ ਰੋਣਾ ਏ।
ਉਸ ਬਚਪਨ ਦੇ ਵਿੱਚ ਕਿੰਨੀਆਂ ਔਕੜਾਂ ਝੱਲੀਆਂ ਸੀ।
ਮਾੜੀ ਸੋਚ ਨੇ ਰਾਹਾਂ ਖੁਸ਼ਹਾਲੀ ਦੀਆਂ ਮੱਲੀਆਂ ਸੀ।
ਉਹਨੇ ਧਾਰਿਆ ਸੀ ਮਾੜੇ ਸਿਸਟਮ ਦਾ ਗੰਦ ਧੋਣਾ ਏ।
ਅਸੀਂ ਗੱਲ ਉਹਦੀ ਕੋਈ ਮੰਨੀ ਨਾ ਇਹੋ ਰੋਣਾ ਏ।
ਭੀਮ ਜਿਹਾ ਕੋਈ.......
ਹੁਣ ਤਨ ਸਾਡੇ ਤੇ ਕੱਪੜੇ ਤੇ ਗਲ ਗਹਿਣੇ ਨੇ।
ਮੋਟਰ ਗੱਡੀਆਂ ਠਾਠ ਬਾਠ ਕੀ ਕਹਿਣੇ ਨੇ।
ਵਿੱਚ ਬੈਠਕੇ ਇਹ ਗੱਲ ਕਹਿੰਦੇ ਹੁਣ ਕੀ ਹੋਣਾ ਏ।
ਅਸੀਂ ਗੱਲ ਉਹਦੀ ਕੋਈ ਮੰਨੀ ਨਾ ਇਹੋ ਰੋਣਾ ਏ।
ਭੀਮ ਜਿਹਾ ਕੋਈ......
ਬਹਿਮਾਤਾ ਦਾ ਲਿਖਿਆ ਲੇਖ ਵੀ ਮੇਟ ਦਿੱਤਾ।
ਕਲਮ ਦੇ ਇੱਕੋ ਝਟਕੇ ਸੱਭ ਸਮੇਟ ਦਿੱਤਾ।
ਹੁਣ ਜਾਗ ਜਾਓ ਨਹੀਂ ਤਾਂ ਗਲ ਵਿੱਚ ਕੁੱਜਾ ਹੋਣਾ ਏ।
ਅਸੀਂ ਗੱਲ ਉਹਦੀ ਕੋਈ ਮੰਨੀ ਨਾ ਇਹੋ ਰੋਣਾ ਏ।
ਭੀਮ ਜਿਹਾ ਕੋਈ......



**ਹਰੀਸ਼ ਕੁਮਾਰ**
**9465023000**

## ਟੱਪੇ

ਤੱਤੇ ਤਵੇ ਤੇ ਪੱਕੇ ਰੋਟੀ,
ਪੁੱਤ ਨੂੰ ਨਸ਼ਿਆਂ ਤੋਂ ਰੋਕਣ ਲਈ
ਪਿਉ ਨੇ ਚੁੱਕ ਲਈ ਸੋਟੀ।
ਆਕਾਸ਼ 'ਚ ਚੰਨ ਪਿਆ ਚਮਕੇ,
ਪਿਉ ਦੀ ਜਾਇਦਾਦ ਬਦਲੇ
ਪੁੱਤਾਂ 'ਚ ਲੜਾਈ ਹੋਈ ਜੰਮ ਕੇ।
ਕੋਠੇ ਤੇ ਕਾਂ, ਕਾਂ ਕਾਂ ਕਰੇ,
ਦੁਨੀਆਂ ਉਸ ਨੂੰ ਯਾਦ ਰੱਖਦੀ
ਜੋ ਦੇਸ਼ ਦੀ ਖਾਤਰ ਮਰੇ।
ਥਾਲੀ ਵਿੱਚ ਪਤਾਸਾ ਏ,
ਕਿਸੇ ਨੂੰ ਮੁਸੀਬਤ 'ਚ ਵੇਖ ਕੇ
ਖੌਰੇ ਲੋਕਾਂ ਨੂੰ ਕਿਉਂ ਆਵੇ ਹਾਸਾ।
ਤਹਿ ਲੱਗੀ ਏ ਕਿਤਾਬਾਂ ਦੀ,
ਘਰ ਤੇਰੇ ਭੰਗ ਭੁੱਜਦੀ
ਤੇਰੇ ਅੱਗ ਲੱਗੀ ਸ਼ਰਾਬਾਂ ਦੀ।
ਰੜਕਾ ਹੋਇਆ ਏ ਤੀਲਾ, ਤੀਲਾ,
ਉੱਠ ਕੇ ਕੋਈ ਕੰਮ ਕਰ ਬੱਲਿਆ
ਤੇਰੇ ਚਿਹਰੇ ਦਾ ਰੰਗ ਹੋਇਆ ਏ ਪੀਲਾ।
ਸੁੱਕੇ ਪੱਤ ਝੜ ਰਹੇ ਰੁੱਖਾਂ ਦੇ,
ਇੱਕ ਦਿਨ ਸਮਾਂ ਜਰੂਰ ਆਏਗਾ
ਜਦ ਭੋਗ ਪੈ ਜਾਣੇ ਕਾਮੇ ਦੇ ਦੁੱਖਾਂ ਦੇ।

ਮਹਿੰਦਰ ਸਿੰਘ ਮਾਨ
ਚੈਨਲਾਂ ਵਾਲੀ ਕੋਠੀ
ਸਾਮ੍ਹਣੇ ਅੰਗਦ ਸਿੰਘ ਐੱਮ ਐੱਲ ਏ ਰਿਹਾਇਸ਼



**ਨਵਾਂ ਸ਼ਹਿਰ-144514**
**ਫੋਨ 9915803554**



# ਇੰਸਪੈਕਟਰ ਰਾਜ ਪਰਵਿੰਦਰ ਕੌਰ ਨੇ ਸੰਭਾਲੀ ਸਿਟੀ ਬਲਾਚੌਰ ਦੇ ਨਵੇਂ ਐਸ.ਐਚ.ਓ. ਵਜੋਂ ਕਮਾਨ

## ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ : ਐਸ.ਐਚ.ਓ. ਰਾਜ ਪਰਵਿੰਦਰ ਕੌਰ

**ਬਲਾਚੌਰ, 11 ਜੂਨ (ਜਤਿੰਦਰ ਪਾਲ ਸਿੰਘ ਕਲੇਰ):** ਇਲਾਕੇ ਵਿੱਚ ਅਮਨ-ਕਾਨੂੰਨ ਦੀ ਵਿਵਸਥਾ ਨੂੰ ਹੋਰ ਜ਼ਿਆਦਾ ਮਜ਼ਬੂਤ ਕਰਨ ਅਤੇ ਪ੍ਰਸ਼ਾਸਨਿਕ ਕੰਮਕਾਜ ਵਿੱਚ ਪਾਰਦਰਸ਼ਤਾ ਤੇ ਤੇਜ਼ੀ ਲਿਆਉਣ ਦੇ ਉਦੇਸ਼ ਨਾਲ ਪੁਲਿਸ ਵਿਭਾਗ ਵੱਲੋਂ ਇੱਕ ਅਹਿਮ ਫੇਰਬਦਲ ਕੀਤਾ ਗਿਆ ਹੈ। ਇਸ ਵੱਡੇ ਪ੍ਰਸ਼ਾਸਨਿਕ ਫੇਰਬਦਲ ਤਹਿਤ ਪੋਜੇਵਾਲ ਥਾਣੇ ਦੇ ਐਸ.ਐਚ.ਓ. ਵਜੋਂ ਲੰਮਾ ਸਮਾਂ ਸ਼ਾਨਦਾਰ ਸੇਵਾਵਾਂ ਨਿਭਾ ਰਹੇ ਸੀਨੀਅਰ ਇੰਸਪੈਕਟਰ ਰਾਜ ਪਰਵਿੰਦਰ ਕੌਰ ਨੂੰ ਹੁਣ ਤਬਦੀਲ ਕਰਕੇ ਐਸ.ਐਚ.ਓ. ਸਿਟੀ ਬਲਾਚੌਰ ਨਿਯੁਕਤ ਕੀਤਾ ਗਿਆ ਹੈ। ਪੁਲਿਸ ਵਿਭਾਗ ਦੇ ਇਸ ਫੈਸਲੇ ਤੋਂ ਬਾਅਦ ਇਲਾਕਾ ਨਿਵਾਸੀਆਂ ਵਿੱਚ ਖੁਸ਼ੀ ਦੀ ਲਹਿਰ ਹੈ ਅਤੇ ਲੋਕਾਂ ਨੇ ਉਮੀਦ ਜਤਾਈ ਹੈ ਕਿ ਨਵੇਂ ਅਧਿਕਾਰੀ ਪਹਿਲਾਂ ਵਾਂਗ ਹੀ ਨਸ਼ਾ ਤਸਕਰੀ ਅਤੇ ਸਮਾਜ ਵਿਰੋਧੀ ਅਨਸਰਾਂ ਖ਼ਿਲਾਫ਼ ਵਿੱਢੀ ਮੁਹਿੰਮ ਨੂੰ ਹੋਰ ਸਖ਼ਤੀ ਨਾਲ ਜਾਰੀ ਰੱਖਣਗੇ ਤਾਂ ਜੋ ਇਲਾਕੇ ਵਿੱਚ ਅਮਨ-ਸ਼ਾਂਤੀ ਬਣੀ ਰਹੇ।



ਸਿਟੀ ਬਲਾਚੌਰ ਥਾਣੇ ਦੀ ਕਮਾਨ ਸੰਭਾਲਣ ਤੋਂ ਬਾਅਦ ਪੱਤਰਕਾਰਾਂ ਨਾਲ ਖ਼ਾਸ ਗੱਲਬਾਤ ਕਰਦਿਆਂ ਨਵ-ਨਿਯੁਕਤ ਐਸ.ਐਚ.ਓ. ਇੰਸਪੈਕਟਰ ਰਾਜ ਪਰਵਿੰਦਰ ਕੌਰ ਨੇ ਆਪਣੇ ਇਰਾਦੇ ਸਾਫ਼ ਕਰ ਦਿੱਤੇ ਹਨ। ਉਨ੍ਹਾਂ ਬਹੁਤ ਹੀ ਸਖ਼ਤ ਲਹਿਜੇ ਵਿੱਚ ਚੇਤਾਵਨੀ ਦਿੰਦਿਆਂ ਕਿਹਾ ਕਿ ਇਲਾਕੇ ਵਿੱਚ ਨਸ਼ਾ ਤਸਕਰੀ ਕਰਨ ਵਾਲਿਆਂ ਅਤੇ ਗੈਰ-ਕਾਨੂੰਨੀ ਧੰਦਿਆਂ ਵਿੱਚ ਲਿਪਤ ਸਮਾਜ ਵਿਰੋਧੀ ਅਨਸਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ ਅਤੇ ਉਨ੍ਹਾਂ ਵਿਰੁੱਧ ਕਾਨੂੰਨ ਮੁਤਾਬਕ ਸਖ਼ਤ ਤੋਂ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਆਪਣੀ ਤਰਜੀਹਾਂ ਸਾਂਝੀਆਂ ਕਰਦਿਆਂ ਉਨ੍ਹਾਂ ਅੱਗੇ ਕਿਹਾ ਕਿ ਪੁਲਿਸ ਪ੍ਰਸ਼ਾਸਨ ਆਮ ਜਨਤਾ ਦੀ ਸੇਵਾ ਅਤੇ ਸੁਰੱਖਿਆ ਲਈ ਹਮੇਸ਼ਾ ਤਤਪਰ ਹੈ ਅਤੇ ਥਾਣੇ ਵਿੱਚ ਆਉਣ ਵਾਲੇ ਹਰ ਇੱਕ ਨਾਗਰਿਕ ਤੇ ਇਲਾਕੇ ਦੇ ਮੋਹਤਬਰਾਂ ਨੂੰ ਬਣਦਾ ਪੂਰਾ ਮਾਣ-ਸਨਮਾਨ ਦਿੱਤਾ ਜਾਵੇਗਾ ਤਾਂ ਜੋ ਪੁਲਿਸ ਅਤੇ ਜਨਤਾ ਦੇ ਆਪਸੀ ਤਾਲਮੇਲ ਨਾਲ ਇੱਕ ਸੁਰੱਖਿਅਤ ਮਾਹੌਲ ਸਿਰਜਿਆ ਜਾ ਸਕੇ। ਜਿਕਰਯੋਗ ਹੈ ਕਿ ਇੰਸਪੈਕਟਰ ਰਾਜ ਪਰਵਿੰਦਰ ਕੌਰ ਪਹਿਲਾਂ ਵੀ ਥਾਣਾ ਬਲਾਚੌਰ ਵਿਖੇ ਆਪਣੀਆਂ ਸੇਵਾਵਾਂ ਨਿਭਾਅ ਚੁੱਕੇ ਹਨ।

# ਬਜਰੰਗ ਦਲ ਹਿੰਦੋਸਤਾਨ ਵੱਲੋਂ ਹੁਸ਼ਿਆਰਪੁਰ ਵਿੱਚ ਜਥੇਬੰਦੀ ਦਾ ਹੋਇਆ ਵਿਸਥਾਰ ; ਮਨਜੀਤ ਮਾਹਿਲਪੁਰੀ, ਪਰਮਜੀਤ ਬੂਥਗੜ੍ਹ



**ਹੁਸ਼ਿਆਰਪੁਰ 11 (ਤਰਸੇਮ ਦੀਵਾਨਾ)** - ਬਜਰੰਗ ਦਲ ਹਿੰਦੋਸਤਾਨ ਵੱਲੋਂ ਅੱਜ ਸਬਜ਼ੀ ਮੰਡੀ, ਗੁਰੂ ਗੋਬਿੰਦ ਸਿੰਘ ਨਗਰ ਵਿਖੇ ਇੱਕ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਜਥੇਬੰਦੀ ਦੇ ਵਿਸਥਾਰ ਲਈ ਹੁਸ਼ਿਆਰਪੁਰ ਤੋਂ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ। ਪ੍ਰੋਗਰਾਮ ਵਿੱਚ ਰਾਸ਼ਟਰੀ ਚੇਅਰਮੈਨ ਜੈ ਗੋਪਾਲ ਲਾਲੀ, ਰਾਸ਼ਟਰੀ ਜਨਰਲ ਸਕੱਤਰ ਮਨਜੀਤ ਸਿੰਘ ਮਾਹਿਲਪੁਰੀ ਅਤੇ ਰਾਸ਼ਟਰੀ ਬੁਲਾਰੇ ਐਡਵੋਕੇਟ ਸੰਦੀਪ ਕੁਮਾਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।


ਪ੍ਰੋਗਰਾਮ ਦੌਰਾਨ ਬਜਰੰਗ ਦਲ ਹਿੰਦੋਸਤਾਨ ਦੇ ਪੰਜਾਬ ਪ੍ਰਧਾਨ ਐਡਵੋਕੇਟ ਚੰਦਰਕਾਂਤ ਮਹਾਜਨ ਨੇ ਜਥੇਬੰਦੀ ਦੇ ਵਿਸਥਾਰ ਲਈ ਨਵੀਆਂ ਨਿਯੁਕਤੀਆਂ ਕੀਤੀਆਂ। ਜਿਸ ਵਿੱਚ ਕ੍ਰਮਵਾਰ ਹਰਪ੍ਰੀਤ ਸਿੰਘ ਧਾਰੀਵਾਲ ਪੰਜਾਬ ਉਪ-ਪ੍ਰਧਾਨ, ਤਜਿੰਦਰ ਕੁਮਾਰ - ਚੇਅਰਮੈਨ ਪੰਜਾਬ, ਮੋਂਟੀ ਸ਼ਰਮਾ ਪੰਜਾਬ ਕੋਆਰਡੀਨੇਟਰ, ਰਿੰਕੂ ਪੰਜਾਬ ਯੂਥ ਉਪ-ਪ੍ਰਧਾਨ, ਕਰਨ ਦੋਆਬਾ ਉਪ-ਪ੍ਰਧਾਨ, ਮਨੀਸ਼ ਤਾਜਵਾਨਾ ਵਾਈਸ ਚੇਅਰਮੈਨ ਪੰਜਾਬ, ਹਰੀਸ਼ ਸੈਣੀ ਪੰਜਾਬ ਕੋਆਰਡੀਨੇਟਰ, ਕੁੰਦਨ ਹੀਰ ਜ਼ਿਲ੍ਹਾ ਚੇਅਰਮੈਨ ਹੁਸ਼ਿਆਰਪੁਰ, ਲਵਪ੍ਰੀਤ ਸਿੰਘ ਜ਼ਿਲ੍ਹਾ ਉਪ-ਪ੍ਰਧਾਨ ਹੁਸ਼ਿਆਰਪੁਰ, ਜਗਤਾਰ ਸਿੰਘ ਮੋਤੀਆਂ ਜਨਰਲ ਸਕੱਤਰ ਹੁਸ਼ਿਆਰਪੁਰ, ਆਦਿ ਨੂੰ ਨਿਯੁਕਤ ਕੀਤਾ ਗਿਆ

**ਅਹੁਦੇਦਾਰਾਂ ਵੱਲੋਂ ਵਫ਼ਾਦਾਰੀ ਦਾ ਭਰੋਸਾ**

ਇਸ ਮੌਕੇ ਨਵ-ਨਿਯੁਕਤ ਅਹੁਦੇਦਾਰਾਂ ਨੇ ਵਿਸ਼ਵਾਸ ਦਿਵਾਇਆ ਕਿ ਉਹ ਜਥੇਬੰਦੀ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਅਨਿਲ ਟੰਡਨ, ਰਜਿੰਦਰ ਕੁਮਾਰ, ਵਿਜੇ ਕੁਮਾਰ ਅਮਨ (ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ), ਪ੍ਰਿੰਸ (ਸਕੱਤਰ ਜ਼ਿਲ੍ਹਾ ਗੁਰਦ-ਾਸਪੁਰ), ਹਰਮਨ ਮਾਂਗਟ, ਐਡਵੋਕੇਟ ਸੌਰਵ ਡੋਗਰਾ, ਉਪ-ਪ੍ਰਧਾਨ ਪੰਜਾਬ ਗੁਰਿੰਦਰ ਸ਼ਰਮਾ, ਜਨਰਲ ਸਕੱਤਰ ਪੰਜਾਬ ਹਰੀਸ਼ ਜੋਸ਼ੀ, ਦੁਰਗਾ ਵਾਹਿਨੀ ਵੱਲੋਂ ਜ਼ਿਲ੍ਹਾ ਪ੍ਰਧਾਨ ਸੁਨੀਤਾ, ਸਿਟੀ ਪ੍ਰਧਾਨ ਬਟਾਲਾ ਮੀਨਾ, ਅਸ਼ਵਨੀ ਮਲਹੋਤਰਾ, ਮਦਨ ਲਾਲ ਸਗੜ, ਰਾਸ਼ਟਰੀ ਸੀਨੀਅਰ ਉਪ-ਪ੍ਰਧਾਨ ਪਰਮਜੀਤ ਸਿੰਘ ਫੌਜੀ ਬੂਥਗੜ੍ਹ, ਜ਼ਿਲ੍ਹਾ ਉਪ-ਪ੍ਰਧਾਨ ਦਵਿੰਦਰ ਸਿੰਘ ਮਾਹਿਲਪੁਰੀ, ਹਲਕਾ ਚੱਬੇਵਾਲ ਪ੍ਰਧਾਨ ਸੰਜੀਵ ਕੁਮਾਰ ਸੰਜੂ, ਰਾਸ਼ਟਰੀ ਉਪ-ਪ੍ਰਧਾਨ ਜਸਵੀਰ ਸਿੰਘ ਮਿੰਟੂ ਅਤੇ ਪਰਮਜੀਤ ਸਿੰਘ ਫੌਜੀ ਬੂਥਗੜ੍ਹ ਨੇ ਇਸ ਮੀਟਿੰਗ ਵਿੱਚ ਪਹੁੰਚੇ ਸਾਰੇ ਬਜਰੰਗੀਆਂ ਦਾ ਧੰਨਵਾਦ ਕੀਤਾ।

**ਫੋਟੋ ਅਜਮੇਰ ਦੀਵਾਨਾ**

# ਐਮ ਐਸ ਸੀ ( ਆਈ ਟੀ) ਦੇ ਨਤੀਜੇ ਵਿੱਚ ਖਾਲਸਾ ਕਾਲਜ ਮਾਹਿਲਪੁਰ ਦੇ ਵਿਦਿਆਰਥੀ ਨੇ ਯੂਨੀਵਰਸਿਟੀ ਵਿਚੋਂ ਦੂਜੀ ਪੁਜੀਸ਼ਨ ਹਾਸਿਲ ਕੀਤੀ



**ਹੁਸ਼ਿਆਰਪੁਰ /ਮਾਹਿਲਪੁਰ, 11 ਜੂਨ ( ਤਰਸੇਮ ਦੀਵਾਨਾ )** - ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਨਤੀਜਿਆਂ ਵਿੱਚ ਇਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਕੰਪਿਊਟਰ ਵਿਭਾਗ ਵਿੱਚ ਚੱਲਦੇ ਕੋਰਸ ਐਮਐਸਸੀ (ਆਈਟੀ) ਦੇ ਚੌਥੇ ਸਮੈਸਟਰ ਦੇ ਨਤੀਜੇ ਵਿੱਚ ਵਿਦਿਆਰਥੀ ਮਨਜੋਤ ਸਿੰਘ ਸੈਣੀ ਨੇ 90 ਫੀਸਦੀ ਅੰਕ ਪ੍ਰਾਪਤ ਕਰਕੇ ਪੰਜਾਬ ਯੂਨੀਵਰਸਿਟੀ ਦੀ ਮੈਰਿਟ ਸੂਚੀ ਵਿੱਚੋਂ ਦੂਜਾ ਸਥਾਨ ਪ੍ਰਾਪਤ ਕਰਕੇ ਸੰਸਥਾ ਦਾ ਨਾਮ ਰੋਸ਼ਨ ਕੀਤਾ । ਇਸ ਮੌਕੇ ਕਰਵਾਏ ਸਨਮਾਨ ਸਮਾਰੋਹ ਵਿੱਚ ਵਿਦਿਆਰਥੀ ਮਨਜੋਤ ਸਿੰਘ ਸੈਣੀ ਨੂੰ ਸਿੱਖ ਐਜੂਕੇਸ਼ਨਲ ਕੌਂਸਲ ਦੇ ਖਜ਼ਾਨਚੀ ਵੀਰਿੰਦਰ ਸ਼ਰਮਾ,ਖੇਡ ਪ੍ਰਮੋਟਰ ਪ੍ਰਿੰਸੀਪਲ ਜਗਮੋਹਨ ਸਿੰਘ, ਕਾਲਜ ਦੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ, ਕੰਪਿਊਟਰ ਵਿਭਾਗ ਦੇ ਮੁਖੀ ਪ੍ਰੋ ਗੁਰਪ੍ਰੀਤ ਕੌਰ ਅਤੇ ਸਟਾਫ਼ ਵਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ਅਤੇ ਇਸੇ ਕੋਰਸ ਵਿੱਚ ਕਾਲਜ ਪੱਧਰ 'ਤੇ ਦੂਜੇ ਅਤੇ ਤੀਜੇ ਸਥਾਨ 'ਤੇ ਆਏ ਵਿਦਿਆਰਥੀਆਂ ਨੂੰ ਵੀ ਸਨਮਾਨਿਆ ਗਿਆ। ਇਹ ਮੌਕੇ ਸ੍ਰੀ ਵੀਰਇੰਦਰ ਸ਼ਰਮਾ ਨੇ ਵਿਦਿਆਰਥੀਆਂ ਨੂੰ ਇਸ ਨਤੀਜੇ ਲਈ ਮੁਬ-ਾਰਕਬਾਦ ਦਿੱਤੀ। ਇਸ ਮੌਕੇ ਗੱਲ ਕਰਦਿਆਂ ਕਾਲਜ ਦੇ ਪ੍ਰਿੰਸੀਪਲ ਡਾਕਟਰ ਪਰਵਿੰਦਰ ਸਿੰਘ ਅਤੇ ਕੰਪਿਊਟਰ ਵਿਭਾਗ ਦੇ ਮੁਖੀ ਪ੍ਰੋ ਗੁਰਪ੍ਰੀਤ ਕੌਰ ਨੇ ਦੱਸਿਆ ਕਿ ਵਿਦਿਆਰਥੀ ਮਨਜੋਤ ਸਿੰਘ ਸੈਣੀ ਨੇ 90 ਫੀਸਦੀ ਅੰਕਾਂ ਨਾਲ ਯੂਨੀਵਰਸਿਟੀ ਦੀ ਮੈਰਿਟ ਸੂਚੀ ਵਿਚ ਦੂਜਾ ਸਥਾਨ ਪ੍ਰਾਪਤ ਕੀਤਾ ਹੈ। ਉਨ੍ਹਾਂ ਦੱਸਿਆ ਕਿ ਵਿਦਿਆਰਥਣ ਸਿਮਰਨ ਨੇ 84 ਫੀਸਦੀ ਅੰਕਾਂ ਨਾਲ ਕਾਲਜ ਵਿੱਚੋਂ ਦੂਜਾ ਅਤੇ ਨਮਰਿਤਾ ਨੇ 83.9 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਹਾਸਲ ਕੀਤਾ। ਸਨਮਾਨ ਮੌਕੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਅਤੇ ਪੁਸਤਕਾਂ ਦੇ ਸੈੱਟ ਪ੍ਰਦਾਨ ਕੀਤੇ ਗਏ।

**ਫੋਟੋ ਅਜਮੇਰ ਦੀਵਾਨਾ**

for more news visit:
www.samajweekly.com

# ਲਗਾਤਾਰ ਵੱਧ ਰਹੀ ਤਿੱਖੀ ਗਰਮੀ ਦੇ ਮੱਦੇਨਜ਼ਰ ਡਾ. ਪਰਮਜੀਤ ਕੋਹਲੀ ਵੱਲੋਂ ਲੋਕਾਂ ਨੂੰ ਸਾਵਧਾਨ ਰਹਿਣ ਦੀ ਅਪੀਲ

**ਨਵਾਂਸ਼ਹਿਰ , 10 ਜੂਨ (ਜਤਿੰਦਰਪਾਲ ਸਿੰਘ ਕਲੇਰ):** ਇਲਾਕੇ ਵਿੱਚ ਲਗਾਤਾਰ ਵੱਧ ਰਹੇ ਤਾਪਮਾਨ ਅਤੇ ਅੱਗ ਵਰ੍ਹਾਉਂਦੀ ਤਿੱਖੀ ਗਰਮੀ ਨੂੰ ਦੇਖਦਿਆਂ ਪ੍ਰਸਿੱਧ ਸਮਾਜ ਸੇਵੀ ਅਤੇ ਸਿਹਤ ਮਾਹਿਰ ਡਾ. ਪਰਮਜੀਤ ਕੋਹਲੀ ਨੇ ਆਮ ਲੋਕਾਂ ਨੂੰ ਆਪਣੀ ਸਿਹਤ ਦਾ ਵਿਸ਼ੇਸ਼ ਧਿਆਨ ਰੱਖਣ ਦੀ ਅਪੀਲ ਕੀਤੀ ਹੈ। ਉਨ੍ਹਾਂ ਚੇਤਾਵਨੀ ਦਿੰਦਿਆਂ ਕਿਹਾ ਕਿ ਮੌਜੂਦਾ ਸਮੇਂ ਦੌਰਾਨ ਪਾਰਾ ਲਗਾਤਾਰ ਉੱਚਾ ਰਹਿਣ ਕਾਰਨ ਹੀਟ ਸਟ੍ਰੋਕ ਯਾਨੀ ਲੂ ਲੱਗਣਾ, ਡੀਹਾਈਡ੍ਰੇਸ਼ਨ ਅਤੇ ਹੋਰ ਸਿਹਤ ਸੰਬੰਧੀ ਗੰਭੀਰ ਸਮੱਸਿਆਵਾਂ ਦਾ ਖ਼ਤਰਾ ਕਾਫ਼ੀ ਵੱਧ ਗਿਆ ਹੈ। ਡਾ. ਕੋਹਲੀ ਨੇ ਵਿਸ਼ੇਸ਼ ਤੌਰ 'ਤੇ ਕਿਹਾ ਕਿ ਬੱਚਿਆਂ, ਬਜ਼ੁਰਗਾਂ, ਗਰਭਵਤੀ ਮਹਿਲਾਵਾਂ ਅਤੇ ਪਹਿਲਾਂ ਤੋਂ ਕਿਸੇ ਬਿਮਾਰੀ ਨਾਲ ਪੀੜਤ ਵਿਅਕਤੀਆਂ ਨੂੰ ਇਸ ਗਰਮੀ ਦੇ ਮੌਸਮ ਵਿੱਚ ਖ਼ਾਸ ਸਾਵਧਾਨੀ ਵਰਤਣੀ ਚਾਹੀਦੀ ਹੈ ਕਿਉਂਕਿ ਉਨ੍ਹਾਂ 'ਤੇ ਇਸ ਦਾ ਸਭ ਤੋਂ ਜਲਦੀ ਅਸਰ ਹੁੰਦਾ ਹੈ।

ਬਚਾਅ ਦੇ ਉਪਾਅ ਸਾਂਝੇ ਕਰਦਿਆਂ ਉਨ੍ਹਾਂ ਲੋਕਾਂ ਨੂੰ ਸਲਾਹ ਦਿੱਤੀ ਕਿ ਦੁਪਹਿਰ 12 ਵਜੇ ਤੋਂ ਸ਼ਾਮ 4 ਵਜੇ ਤੱਕ ਬਿਨਾਂ ਕਿਸੇ ਜ਼ਰੂਰੀ ਕੰਮ ਦੇ ਘਰ ਤੋਂ ਬਾਹਰ ਨਾ ਨਿਕਲਿਆ ਜਾਵੇ, ਕਿਉਂਕਿ ਇਸ ਸਮੇਂ ਦੌਰਾਨ ਸੂਰਜ ਦੀਆਂ ਕਿਰਨਾਂ ਸਭ ਤੋਂ ਵੱਧ ਤੀਬਰ ਹੁੰਦੀਆਂ ਹਨ। ਸਰੀਰ ਵਿੱਚ ਪਾਣੀ ਦੀ ਕਮੀ ਨੂੰ ਰੋਕਣ ਲਈ ਦਿਨ ਭਰ ਵੱਧ ਤੋਂ ਵੱਧ ਪਾਣੀ ਪੀਣ ਦੇ ਨਾਲ-ਨਾਲ ਨਿੰਬੂ ਪਾਣੀ, ਲੱਸੀ, ਛਾਛ, ਨਾਰੀਅਲ ਪਾਣੀ ਅਤੇ ਹੋਰ ਘਰੇਲੂ ਤਰਲ ਪਦਾਰਥਾਂ ਦਾ ਸੇਵਨ ਕਰਨਾ ਬਹੁਤ ਫ਼ਾਇਦੇਮੰਦ ਰਹੇਗਾ। ਇਸ ਦੇ ਨਾਲ ਹੀ ਉਨ੍ਹਾਂ ਨੇ ਹਲਕੇ ਰੰਗਾਂ ਦੇ ਸੂਤੀ ਕੱਪੜੇ ਪਹਿਨਣ, ਬਾਹਰ ਜਾਣ ਵੇਲੇ



ਸਿਰ ਨੂੰ ਕੱਪੜੇ ਜਾਂ ਟੋਪੀ ਨਾਲ ਢੱਕ ਕੇ ਰੱਖਣ ਅਤੇ ਧੁੱਪ ਵਿੱਚ ਲੰਮਾ ਸਮਾਂ ਖੜ੍ਹੇ ਰਹਿਣ ਤੋਂ ਪਰਹੇਜ਼ ਕਰਨ ਦੀ ਵੀ ਅਪੀਲ ਕੀਤੀ।ਡਾ. ਕੋਹਲੀ ਨੇ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਚੱਕਰ ਆਉਣ, ਬਹੁਤ ਜ਼ਿਆਦਾ ਪਸੀਨਾ ਆਉਣ, ਉਲਟੀਆਂ, ਸਿਰ ਦਰਦ ਜਾਂ ਬੇਹੋਸ਼ੀ ਵਰਗੇ ਲੱਛਣ ਮਹਿਸੂਸ ਹੋਣ ਤਾਂ ਇਸ ਨੂੰ ਹਲਕੇ ਵਿੱਚ ਨਾ ਲਿਆ ਜਾਵੇ ਅਤੇ ਤੁਰੰਤ ਨੇੜਲੇ ਸਿਹਤ ਕੇਂਦਰ ਜਾਂ ਮਾਹਿਰ ਡਾਕਟਰ ਨਾਲ ਸੰਪਰਕ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਮੇਂ ਸਿਰ ਸਹੀ ਇਲਾਜ ਮਿਲਣ ਨਾਲ ਗਰਮੀ ਕਾਰਨ ਹੋਣ ਵਾਲੀਆਂ ਗੰਭੀਰ ਅਤੇ ਜਾਨਲੇਵਾ ਸਮੱਸਿਆਵਾਂ ਤੋਂ ਬਚਿਆ ਜਾ ਸਕਦਾ ਹੈ। ਅੰਤ ਵਿੱਚ ਡਾ. ਪਰਮਜੀਤ ਕੋਹਲੀ ਨੇ ਸਮੂਹ ਇਲਾਕਾ ਨਿਵਾਸੀਆਂ ਨੂੰ ਪੁਰ-ਜ਼ੋਰ ਅਪੀਲ ਕੀਤੀ ਕਿ ਉਹ ਆਪਣੇ ਪਰਿਵਾਰ ਦੇ ਬੱਚਿਆਂ ਅਤੇ ਬਜ਼ੁਰਗਾਂ ਦਾ ਖ਼ਾਸ ਖ਼ਿਆਲ ਰੱਖਣ ਅਤੇ ਸਿਹਤ ਵਿਭਾਗ ਵੱਲੋਂ ਜਾਰੀ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨ ਤਾਂ ਜੋ ਸਭ ਦੀ ਸਿਹਤ ਸੁਰੱਖਿਅਤ ਰਹਿ ਸਕੇ।

# ਟੌਂਸਾ ਇਲਾਕੇ ਦੇ ਨਾਲ ਲੱਗਦੇ ਵੱਖ ਪਿੰਡਾਂ ਵਿੱਚ ਬਿਜਲੀ ਸਪਲਾਈ ਦੋ ਦਿਨਾਂ ਤੋਂ ਗੁੱਲ ਲੋਕ ਪਾਣੀ ਦੀ ਬੂੰਦ ਨੂੰ ਤਰਸੇ :ਬੀਬੀ ਸ਼ਸ਼ੀ ਰਾਣਾ

**ਕਾਠਗੜ੍ਹ 11 ਜੂਨ (ਜਤਿੰਦਰ ਪਾਲ ਸਿੰਘ ਕਲੇਰ )** ਟੌਂਸਾ ਖੇਤਰ ਦੇ ਨਾਲ ਲੱਗਦੇ ਕਈ ਪਿੰਡਾਂ ਦੀ ਪਿਛਲੇ ਕਈ ਦਿਨਾਂ ਤੋਂ ਪਿੰਡ ਵਿੱਚ ਬਿਜਲੀ ਦੀ ਸਪਲਾਈ ਗੁੱਲ ਹੈ ਜਿਸ ਕਾਰਨ ਪਿੰਡਾਂ ਲੋਕਾਂ ਨੂੰ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਬੀਬੀ ਸ਼ਸ਼ੀ ਰਾਣਾ ਸਾਬਕਾ ਸਰਪੰਚ ਟੌਂਸਾ ਨੇ ਪਿੰਡ ਵਿੱਚ ਔਰਤਾਂ ਦੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕੀਤਾ। ਉਨ੍ਹਾਂ ਕਿਹਾ ਕਿ ਬਿਜਲੀ ਦੀ ਸਪਲਾਈ ਹੋਣ ਕਾਰਨ ਬੱਚਿਆਂ ਬਜ਼ੁਰਗਾਂ ਅਤੇ ਬੀਮਾਰ ਲੋਕਾਂ ਅਤੇ ਡੇਅਰੀ ਫਾਰਮ ਵਾਲੀਆਂ ਨੂੰ ਬਹੁਤ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਪਰੋਂ ਸਿਖਰਾਂ ਦੀ ਗਰਮੀ ਪੈ ਰਹੀ ਹੈ ਪਰ ਬਿਜਲੀ ਸਪਲਾਈ ਵਿੱਚ ਘੰਟਿਆਂ ਬੱਧੀ ਵਿਘਨ ਪੈਣ ਕਾਰਨ ਪਿੰਡਾਂ ਦੇ ਪਾਣੀ ਦੀ ਬੂੰਦ ਬੂੰਦ



ਨੂੰ ਤਰਸ ਰਹੇ ਹਨ ਪਰ ਬਿਜਲੀ ਵਿਭਾਗ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ । ਬੀਬੀ ਰਾਣਾ ਨੇ ਗਹਿਰੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਕਿ ਬਿਜਲੀ ਦੀ ਸਪਲਾਈ ਲਗਾਤਾਰ ਬੰਦ ਹੋਣ ਕਾਰਨ ਬਿਜਲੀ ਸ਼ਿਕਾਇਤ ਵਿਭਾਗ ਨੂੰ ਕੀਤੀ ਜਾਂਦੀ ਹੈ ਤਾਂ ਵਿਭਾਗ ਕੋਈ ਠੋਸ ਕਾਰਵਾਈ ਕਰਨ ਦੀ ਬਜਾਏ ਟਾਲ ਮਟੋਲ ਕਰਦਾ ਹੈ। ਉਨ੍ਹਾਂ ਨੇ ਬਿਜਲੀ ਵਿਭਾਗ ਦੇ ਮੰਤਰੀ ਨੂੰ ਪਿੰਡਾਂ ਵਿੱਚ ਬਿਜਲੀ ਦੀ ਸਪਲਾਈ ਚੁਸਤ ਦਰੁਸਤ ਕਰਨ ਦੀ ਅਪੀਲ ਕਰਦੇ ਹੋਏ ਚਿਤਾਵਨੀ ਦਿੱਤੀ ਕਿ ਜੇ ਵਿਭਾਗ ਨੇ ਇਹੀ ਰਵੱਈਆ ਜਾਰੀ ਰੱਖਿਆ ਤਾਂ ਇਸ ਵਿਰੁੱਧ ਜੋਰਦਾਰ ਸੰਘਰਸ਼ ਕੀਤਾ ਜਾਵੇਗਾ।

# ਹੁਣ ਚਾਰੇ ਪਾਸੇ ਚੱਲੇ ਗੱਲ ਚਰਨਜੀਤ ਚੰਨੀ, ਸਾਰਾ ਪੰਜਾਬ ਤੇਰੇ ਵੱਲ - ਜ਼ਮੀਨੀ ਪੱਧਰ 'ਤੇ ਭਾਰੀ ਉਤਸ਼ਾਹ

**ਨਵਾਂਸ਼ਹਿਰ 11 ਜੂਨ (ਜਤਿੰਦਰ ਪਾਲ ਸਿੰਘ )** : ਪੰਜਾਬ ਦੀ ਸਿਆਸਤ ਵਿੱਚ ਇੱਕ ਵਾਰ ਫਿਰ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਨਾਂ ਪੂਰੀ ਤਰ੍ਹਾਂ ਗੂੰਜ ਰਿਹਾ ਹੈ ਅਤੇ ਪਿਛਲੇ ਕੁਝ ਦਿਨਾਂ ਤੋਂ ਹੋ ਰਹੇ ਉਨ੍ਹਾਂ ਦੇ ਜਨ ਸੰਪਰਕ ਦੌਰਿਆਂ ਤੋਂ ਬਾਅਦ ਸੂਬੇ ਦੇ ਚਾਰੇ ਪਾਸੇ ਸਿਰਫ਼ ਇੱਕੋ ਗੱਲ ਸੁਣਨ ਨੂੰ ਮਿਲ ਰਹੀ ਹੈ ਕਿ 'ਚੰਨੀ ਆ ਰਿਹਾ ਹੈ' ਅਤੇ ਲੋਕਾਂ ਦਾ ਵੱਡਾ ਸਾਥ ਉਨ੍ਹਾਂ ਦੇ ਨਾਲ ਹੈ।

ਇਸ ਸਬੰਧੀ ਕਾਠਗੜ੍ਹ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਾਂਗਰਸ ਦੇ ਸੀਨੀਅਰ ਆਗੂ ਅਤੇ ਸਾਬਕਾ ਬਲਾਕ ਸੰਮਤੀ ਮੈਂਬਰ ਜਸਵਿੰਦਰ ਵਿੱਕੀ ਕਾਠਗੜ੍ਹ ਨੇ ਕਿਹਾ ਕਿ



ਜ਼ਮੀਨੀ ਰਿਪੋਰਟਾਂ ਮੁਤਾਬਕ ਪਿੰਡਾਂ, ਸ਼ਹਿਰਾਂ ਅਤੇ ਮੰਡੀਆਂ ਵਿੱਚ ਲੋਕ ਚਰਨਜੀਤ ਸਿੰਘ ਚੰਨੀ ਨੂੰ ਆਪਣਾ ਅਸਲ ਆਗੂ ਮੰਨ ਕੇ ਭਾਰੀ ਉਤਸ਼ਾਹ ਨਾਲ ਉਨ੍ਹਾਂ ਨਾਲ ਮਿਲ ਰਹੇ ਹਨ। ਉਨ੍ਹਾਂ ਕਿਹਾ ਕਿ ਆਮ ਲੋਕਾਂ ਦਾ ਮੰਨਣਾ ਹੈ ਕਿ ਚੰਨੀ ਜ਼ਮੀਨ ਨਾਲ ਜੁੜਿਆ ਹੋਇਆ ਇੱਕ ਅਜਿਹਾ ਆਗੂ ਹੈ ਜੋ ਉਨ੍ਹਾਂ ਦੀ ਭਾਸ਼ਾ ਸਮਝਦਾ ਹੈ ਅਤੇ ਲੋਕਾਂ ਨਾਲ ਗੱਲ ਕਰਕੇ ਅਜਿਹਾ ਲੱਗਦਾ ਹੈ ਕਿ ਉਨ੍ਹਾਂ ਦੇ ਦੁੱਖ-ਦਰਦ ਹੁਣ ਦਿੱਲੀ-ਚੰਡੀਗੜ੍ਹ ਤੱਕ ਜ਼ਰੂਰ ਪਹੁੰਚਣਗੇ। ਜਸਵਿੰਦਰ ਵਿੱਕੀ ਕਾਠਗੜ੍ਹ ਨੇ ਨੌਜਵਾਨਾਂ ਵਿੱਚ ਦੇਖੇ ਜਾ ਰਹੇ ਖ਼ਾਸੇ ਉਤਸ਼ਾਹ ਦਾ ਜ਼ਿਕਰ ਕਰਦਿਆਂ ਕਿਹਾ ਕਿ ਚੰਨੀ ਦੇ ਆਉਣ ਨਾਲ ਰੁਜ਼ਗਾਰ ਅਤੇ ਕਿਸਾਨੀ ਦੇ ਮੁੱਦਿਆਂ 'ਤੇ ਗੱਲ ਖੁੱਲ੍ਹ ਕੇ ਹੋਵੇਗੀ, ਜਿਸ ਕਾਰਨ ਅੱਜ ਕਾਂਗਰਸ ਦੇ ਵਰਕਰ ਵੀ ਇੰਨੇ ਉਤਸ਼ਾਹਿਤ ਹਨ ਕਿ ਉਹ ਚੰਨੀ ਨੂੰ ਹੀ ਅੱਗੇ ਦੇਖਣਾ ਚਾਹੁੰਦੇ ਹਨ।

ਸਿਆਸੀ ਨਿਰੀਖਕਾਂ ਅਤੇ ਮੌਜੂਦਾ ਹਾਲਾਤ ਦਾ ਹਵਾਲਾ ਦਿੰਦਿਆਂ ਸੀਨੀਅਰ ਆਗੂ ਜਸਵਿੰਦਰ ਵਿੱਕੀ ਕਾਠਗੜ੍ਹ ਨੇ ਅੱਗੇ ਕਿਹਾ ਕਿ ਚਰਨਜੀਤ ਸਿੰਘ ਚੰਨੀ ਦਾ ਇਹ ਵਧਦਾ ਕੱਦ ਕਾਂਗਰਸ ਪਾਰਟੀ ਲਈ ਪੰਜਾਬ ਵਿੱਚ ਫਿਰ ਤੋਂ ਇੱਕ ਮਜ਼ਬੂਤ ਜ਼ਮੀਨ ਤਿਆਰ ਕਰ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਜੇਕਰ ਜਨਤਾ ਦਾ ਇਹੋ ਉਤਸ਼ਾਹ ਅਤੇ ਪਿਆਰ ਇਸੇ ਤਰ੍ਹਾਂ ਬਰਕਰਾਰ ਰਿਹਾ, ਤਾਂ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੀ ਸਿਆਸੀ ਤਸਵੀਰ ਪੂਰੀ ਤਰ੍ਹਾਂ ਬਦਲ ਜਾਵੇਗੀ ਅਤੇ ਕਾਂਗਰਸ ਪਾਰਟੀ ਸੂਬੇ ਵਿੱਚ ਫਿਰ ਤੋਂ ਲੋਕਾਂ ਦੀਆਂ ਉਮੀਦਾਂ 'ਤੇ ਖਰੀ ਉਤਰ ਕੇ ਇੱਕ ਵੱਡੀ ਤਾਕਤ ਵਜੋਂ ਉੱਭਰੇਗੀ।

## ਟੌਂਸਾ ਇਲਾਕੇ ਦੇ ਨਾਲ ਲੱਗਦੇ ਪਿੰਡਾਂ 'ਚ ਦੋ ਦਿਨਾਂ ਤੋਂ ਬਿਜਲੀ ਗੁੱਲ

**ਨਵਾਂਸ਼ਹਿਰ /ਕਾਠਗੜ੍ਹ 11 ਜੂਨ (ਜਤਿੰਦਰਪਾਲ ਸਿੰਘ ਕਲੇਰ )**- ਟੌਂਸਾ ਦੇ ਆਸ ਪਾਸ ਦੇ ਅਨੇਕਾ ਪਿੰਡਾ ਫਤਿਹਪੁਰ, ਚਾਹਲਾਂ , ਟੌਂਸਾ, ਬਨਾ, ਮਾਜਰਾ ਜੱਟਾਂ , ਪਨਿਆਲੀ, ਪਨਿਆਲੀ ਖੁਰਦ, ਜਮੀਤਗੜ੍ਹ ਭੱਲਾ ਅਤੇ ਹੋਰ ਨਾਲ ਲੱਗਦੇ ਪਿੰਡਾਂ ਵਿੱਚ ਪਿਛਲੇ ਦੋ ਦਿਨਾਂ ਤੋਂ ਬਿਜਲੀ ਗੁੱਲ ਹੋਣ ਕਰਕੇ ਇਲਾਕੇ ਦੇ ਲੋਕ ਅਤੇ ਪਸ਼ੂ ਪੰਛੀ ਖਾਸੇ ਪਰੇਸ਼ਾਨ ਚੱਲ ਰਹੇ ਹਨ । ਜਦਕਿ ਬਿਜਲੀ ਵਿਭਾਗ ਵਲੋਂ ਅਜੇ ਤੱਕ ਕੋਈ ਹੱਲ ਨਹੀ ਕੀਤਾ ਗਿਆ । ਇਲ-ਾਕੇ ਦੇ ਲੋਕਾਂ ਵਿੱਚ ਬਿਜਲੀ ਚਾਲੂ ਨਾ ਹੋਣ ਕਰਕੇ ਹਾਹਾਕਾਰ ਮਚੀ ਹੋਈ ਹੈ । ਇਸ ਸਬੰਧ ਵਿੱਚ ਵਿਜੇ ਸੋਨੂੰ ਟੌਂਸਾ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਅਤੇ ਵਾਈਸ ਪ੍ਰਧਾਨ ਜਿਲ੍ਹਾਂ ਕਾਂਗਰਸ ਕਮੇਟੀ ਨੇ ਦੱਸਿਆ ਕਿ ਪਿਛਲੇ ਦੋ ਦਿਨਾਂ ਬਿਜਲੀ ਗੁੱਲ ਹੋਣ ਕਾਰਨ ਇਸ ਤੱਪਦੀ ਗਰਮੀ ਵਿੱਚ ਲੋਕਾਂ ਦਾ ਪਸੀਨੇ



ਛੁੱਟੇ ਪਏ ਹਨ । ਜਦਕਿ ਰੋਜ਼ਾਨਾ ਘਰ ਵਿੱਚ ਪ੍ਰਯੋਗ ਹੋਣ ਵਾਲਾ ਪਾਣੀ, ਪਸ਼ੂਆ ਨੂੰ ਪਾਣੀ ਨਹੀ ਮਿਲ ਰਿਹਾ । ਬਿਜਲੀ ਵਿਭਾਗ ਵੱਲੋਂ ਅਜੇ ਤੱਕ ਇਸ ਬਿਜਲੀ ਸਪਲਾਈ ਨੂੰ ਚਾਲੂ ਨਹੀ ਕੀਤਾ ਗਿਆ । ਬਿਜਲੀ ਨਾ ਆਉਣ ਕਰਕੇ ਇਲਾਕੇ ਦੇ ਪਿੰਡਾ ਵਿੱਚ ਹਾਹਾਂਕਾਰ ਮਚੀ ਹੋਈ ਹੈ । ਜਦਕਿ ਬਿਜਲੀ ਵਿਭਾਗ ਦੇ ਕੰਨ ਤੇ ਜੂ ਤੱਕ ਨਹੀ ਸਰਕ ਰਹੀ । ਇਲਾਕੇ ਦੇ ਲੋਕਾ ਨੇ ਪ੍ਰਸ਼ਾਸਨ ਤੇ ਬਿਜਲੀ ਵਿਭਾਗ ਅਪੀਲ ਕੀਤੀ ਕਿ ਇਲਾਕੇ ਦੀ ਬਿਜਲੀ ਸਪਲਾਈ ਨੂੰ ਜਲਦ ਦਰੁੱਸਤ ਕੀਤਾ ਜਾਵੇ ਤਾ ਕਿ ਇਸ ਤੱਪਦੀ ਗਰਮੀ ਵਿੱਚ ਲੋਕਾਂ ਨੂੰ ਰਾਹਤ ਮਿਲ ਸਕੇ ।

# ਪੰਜਾਬੀ ਸਾਹਿਤ ਸਭਾ ਧੂਰੀ ਰਜਿ: ਦੀ ਮਹੀਨਾਵਾਰ ਮੀਟਿੰਗ- ਪੰਜਾਬੀ ਭਾਸ਼ਾ ਵਿਰੋਧੀ ਫੈਸਲਿਆਂ ਖ਼ਿਲਾਫ਼ ਸਾਂਝੇ ਅਤੇ ਵਿਸ਼ਾਲ ਸੰਘਰਸ਼ ਦੀ ਲੋੜ - ਮੂਲ ਚੰਦ ਸ਼ਰਮਾ











**ਧੂਰੀ (ਰਮੇਸ਼ਵਰ ਸਿੰਘ )** ਪੰਜਾਬ , ਪੰਜਾਬੀ ਅਤੇ ਪੰਜਾਬੀਅਤ ਨੂੰ ਦਿਨੋਂ ਦਿਨ ਲੱਗ ਰਹੇ ਖੋਰੇ ਲਈ ਸਮੇਂ ਦੀਆਂ ਕੇਂਦਰੀ ਤੇ ਰਾਜ ਸਰਕਾਰਾਂ ਦੇ ਨਾਲ਼ ਨਾਲ਼ ਬਹੁ ਗਿਣਤੀ ਪੰਜਾਬੀ ਖ਼ੁਦ ਵੀ ਜ਼ਿੰਮੇਵਾਰ ਹਨ । ਰਾਜ ਵਿਚਲੇ ਸੈਨਿਕ ਸਕੂਲਾਂ ਵਿੱਚੋਂ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਬੰਦ ਕਰਕੇ ਵਾਧੂ ਵਿਸ਼ਾ ਕਰਨਾ , ਸੂਬਾ ਸਰਕਾਰ ਵੱਲੋਂ ਪੰਜਾਬ ਰਾਜ ਭਾਸ਼ਾ ਐਕਟ 2008 ਨੂੰ ਅਮਲੀ ਰੂਪ ਵਿੱਚ ਲਾਗੂ ਨਾ ਕਰਨਾ ਅਤੇ ਲੋਕਾਂ ਵੱਲੋਂ ਸਹੀ ਤਰੀਕੇ ਨਾਲ਼ ਆਵਾਜ਼ ਬੁਲੰਦ ਨਾ ਕਰਨਾ ਇਸ ਦੀ ਤਾਜ਼ਾ ਉਦਾਹਰਣ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬੀ ਸਾਹਿਤ ਸਭਾ ਧੂਰੀ ਦੇ ਪ੍ਰਧਾਨ ਮੂਲ ਚੰਦ ਸ਼ਰਮਾ ਨੇ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਭਾ ਦੀ ਮਹੀਨਾਵਾਰ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਕੀਤਾ । ਉਨ੍ਹਾਂ ਨੇ ਇਹ ਵੀ ਕਿਹਾ ਕਿ ਪੰਜਾਬ ਰਾਜ ਭਾਸ਼ਾ ਸੋਧ ਬਿਲ-2008 ਅਨੁਸਾਰ ਪੰਜਾਬ ਸਰਕਾਰ ਨੂੰ ਰਾਜ ਵਿਚਲੇ ਸਰਕਾਰੀ , ਅਰਧ ਸਰਕਾਰੀ , ਪ੍ਰਾਈਵੇਟ ਪਬਲਿਕ ਅਤੇ ਸੀ ਬੀ ਐੱਸ ਜੀ ਜਾਂ ਆਈ ਸੀ ਐੱਸ ਸੀ ਦੇ ਸਕੂਲਾਂ ਵਿੱਚ ਦਸਵੀਂ ਤੱਕ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਪੜਾਉਂਣ ਨੂੰ ਅਮਲੀ ਰੂਪ ਵਿੱਚ ਲਾਗੂ ਕਰਨਾ ਚਾਹੀਦਾ ਹੈ ਅਤੇ ਮਾਤ ਭਾਸ਼ਾ ਵਿੱਚ ਕੰਮ ਨਾ ਕਰਨ ਵਾਲ਼ੇ ਅਧਿਕਾਰੀਆਂ ਵਿਰੁੱਧ ਕਾਨੂੰਨ ਵਿੱਚ ਸਜ਼ਾ ਦੀ ਧਾਰਾ ਸ਼ਾਮਲ ਕਰਨੀ ਚਾਹੀਦੀ ਹੈ । ਇਸ ਤੋਂ ਉਪਰੰਤ ਗੁਰੂ ਜੀ ਦੇ ਜੀਵਨ ਅਤੇ ਅਦੁੱਤੀ ਸ਼ਹਾਦਤ ਬਾਰੇ ਗਿਆਨ ਸਿੰਘ ਬਾਵਾ ਅਤੇ ਰਾਮ ਚੰਦ ਸ਼ਰਮਾ ਨੇ ਵਿਸਥਾਰ ਸਹਿਤ ਆਪਣੇ ਵਿਚਾਰ ਸਾਂਝੇ ਕੀਤੇ ।

ਸਮਾਗਮ ਦੀ ਸ਼ੁਰੂਆਤ ਬੀਤੇ ਮਹੀਨੇ ਦੌਰਾਨ ਸਦੀਵੀ ਵਿਛੋੜਾ ਦੇਣ ਵਾਲ਼ੇ ਲੇਖਕਾਂ , ਕਲਾਕਾਰਾਂ ਅਤੇ ਮੈਂਬਰਾਂ ਦੇ ਸਕੇ ਸੰਬੰਧੀਆਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਕੀਤੀ ਗਈ । ਜਨਵਰੀ ਮਹੀਨੇ ਤੋਂ ਲਗਾਤਾਰ ਚੱਲ ਰਹੇ ਕਵਿਤਾ ਸਿਖਲਾਈ ਸਕੂਲ ਦਾ ਛੇਵਾਂ ਪਾਠ ਪੜ੍ਹਾਉਂਦਿਆਂ ਛੰਦ ਸ਼ਾਸਤਰੀ ਅਧਿਆਪਕ ਜੰਗ ਸਿੰਘ ਫ਼ੱਟੜ ਵੱਲੋਂ ਚਰਨ ਅਤੇ ਸੀਰਸ਼ ਬਿੰਦੀਆਂ ਤੋਂ ਇਲਾਵਾ ਟਿੱਪੀ ਤੇ ਅੱਧਕ ਦੀ ਸਹੀ ਵਰਤੋਂ ਕਰਨ ਬਾਰੇ ਵੀ ਉਦਾਹਰਨਾਂ ਸਹਿਤ ਜਾਣਕਾਰੀ ਦਿੱਤੀ ਗਈ । ਜੂਨ ਮਹੀਨੇ ਵਿੱਚ ਜਨਮੇਂ ਮੈਂਬਰਾਂ ਨੂੰ ਮੁਬਾਰਕਬਾਦ ਦਿੰਦਿਆਂ ਸਨਮਾਨਿਤ ਵੀ ਕੀਤਾ ਗਿਆ ।

ਅਖ਼ੀਰ ਵਿੱਚ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਵੀ ਦਰਬਾਰ ਵਿੱਚ ਸੰਜੇ ਲਹਿਰੀ , ਜਗਦੇਵ ਸ਼ਰਮਾ , ਡਾ. ਪਰਮਜੀਤ ਸਿੰਘ ਦਰਦੀ , ਮਨਜੀਤ ਕੌਰ ਸੰਧੂ , ਗੁਰਜੰਟ ਮੀਮਸਾ , ਜਸਮੀਤ ਸਿੰਘ , ਹਰਬੰਸ ਸਿੰਘ ਬੇਨੜਾ , ਜਸਵੀਰ ਸਿੰਘ ਬੰਘਾਂਵਾਲੀ , ਬਖ਼ਸ਼ੀਸ਼ ਸਿੰਘ ਸਿੱਧੂ , ਬਲਜੀਤ ਸਿੰਘ ਬਾਂਸਲ , ਰਾਜੂ ਨਾਹਰ ਗੀਤਕਾਰ , ਰਾਮ ਲੁਬਾਣੇ ਵਾਲ਼ਾ , ਪਰਮਜੀਤ ਸੰਧੂ , ਸੁਖਦੇਵ ਸ਼ਰਮਾ , ਡਾ. ਹਰਪਾਲ ਸਿੰਘ ਭੜੀ , ਕੁਲਵਿੰਦਰ ਕੌਰ ਕਾਜਲ , ਮੰਨਤ ਢੀਂਡਸਾ , ਸੁੱਖੀ ਮੂਲੋਵਾਲ , ਰਣਜੀਤ ਸਿੰਘ ਧੂਰੀ , ਜੰਗ ਸਿੰਘ ਫ਼ੱਟੜ , ਗੁਰਦਿਆਲ ਨਿਰਮਾਣ ਧੂਰੀ , ਪੇਂਟਰ ਸੁਖਦੇਵ ਸਿੰਘ , ਜਗਤਾਰ ਸਿੰਘ ਸਿੱਧੂ , ਜੀਵਨ ਬੜੀ ਅਤੇ ਚਰਨਜੀਤ ਮੀਮਸਾ ਨੇ ਆਪੋ ਆਪਣੀਆਂ ਰਚਨਾਵਾਂ ਭੇਂਟ ਕੀਤੀਆਂ । ਮੰਚ ਸੰਚਾਲਕ ਦੀ ਜ਼ਿੰਮੇਵਾਰੀ ਮਨਪ੍ਰੀਤ ਕੌਰ ਢੀਂਡਸਾ ਨੇ ਬਾਖ਼ੂਬੀ ਨਿਭਾਈ ।

# ਸਿੱਖ ਨੈਸ਼ਨਲ ਕਾਲਜ ਬੰਗਾ ਤੇ ਟੈਗੋਰ ਐਂਡ ਕੰਪਨੀ ਦੀ ਭਾਈਵਾਲੀ ਹੋਈ ਹੋਰ ਮਜ਼ਬੂਤ, ਐਮਓਯੂ ਦਾ ਤਿੰਨ ਸਾਲਾਂ ਲਈ ਨਵੀਨੀਕਰਨ



**ਬੰਗਾ 11ਜੂਨ(ਚਰਨਜੀਤ ਸੱਲ੍ਹਾ)** ਰਾਸ਼ਟਰੀ ਸਿੱਖਿਆ ਨੀਤੀ-2020 ਦੇ ਉਦੇਸ਼ਾਂ ਨੂੰ ਅਮਲੀ ਰੂਪ ਦੇਣ ਅਤੇ ਵਿਦਿਆਰਥੀਆਂ ਨੂੰ ਹੁਨਰ-ਅਧਾਰਿਤ, ਰੁਜ਼ਗਾਰਮੁਖੀ ਅਤੇ ਉਦਯੋਗ-ਕੇਂਦਰਿਤ ਸਿੱਖਿਆ ਪ੍ਰਦਾਨ ਕਰਨ ਦੇ ਮੰਤਵ ਨਾਲ ਸਿੱਖ ਨੈਸ਼ਨਲ ਕਾਲਜ ਬੰਗਾ ਅਤੇ ਟੈਗੋਰ ਐਂਡ ਕੰਪਨੀ ਵਿਚਕਾਰ ਹੋਏ ਸਮਝੌਤਾ ਪੱਤਰ (ਐਮਓਯੂ) ਦਾ ਅਗਲੇ ਤਿੰਨ ਸਾਲਾਂ ਲਈ ਨਵੀਨੀਕਰਨ ਕੀਤਾ ਗਿਆ ਹੈ। ਇਸ ਨਵੀਨੀਕਰਨ ਨਾਲ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਸਿਖਲਾਈ, ਇੰਟਰਨਸ਼ਿਪ ਅਤੇ ਪੇਸ਼ੇਵਰ ਮਾਰਗਦਰਸ਼ਨ ਦੇ ਹੋਰ ਵਧੇਰੇ ਮੌਕੇ ਪ੍ਰਾਪਤ ਹੋਣਗੇ।

ਜ਼ਿਕਰਯੋਗ ਹੈ ਕਿ ਦੋਵਾਂ ਸੰਸਥਾਵਾਂ ਵਿਚਕਾਰ ਇਹ ਐਮਓਯੂ ਪਹਿਲੀ ਵਾਰ ਸਾਲ 2023 ਵਿੱਚ ਤਿੰਨ ਸਾਲਾਂ ਦੀ ਮਿਆਦ ਲਈ ਕੀਤਾ ਗਿਆ ਸੀ। ਪਿਛਲੇ ਤਿੰਨ ਸਾਲਾਂ ਦੌਰਾਨ ਇਸ ਸਾਂਝੇ ਉਪਰਾਲੇ ਦੇ ਬਹੁਤ ਹੀ ਸਕਾਰਾਤਮਕ ਅਤੇ ਲਾਭਕਾਰੀ ਨਤੀਜੇ ਸਾਹਮਣੇ ਆਏ, ਜਿਸ ਦੇ ਮੱਦੇਨਜ਼ਰ ਇਸ ਭਾਈਵਾਲੀ ਨੂੰ ਹੋਰ ਤਿੰਨ ਸਾਲਾਂ ਲਈ ਜਾਰੀ ਰੱਖਣ ਦਾ ਫੈਸਲਾ ਕੀਤਾ ਗਿਆ ਹੈ।

ਨਵੀਨੀਕਰਨ ਸਮਝੌਤੇ ’ਤੇ ਕਾਲਜ ਦੇ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਅਤੇ ਸ਼੍ਰੀ ਅਮਨਦੀਪ ਟੈਗੋਰ ਨੇ ਦਸਤਖ਼ਤ ਕੀਤੇ। ਇਸ ਮੌਕੇ ਕਾਮਰਸ ਅਤੇ ਬਿਜ਼ਨਸ ਮੈਨੇਜਮੈਂਟ ਵਿਭਾਗ ਦੇ ਅਧਿਆਪਕਾਂ ਅਤੇ ਦਫ਼ਤਰੀ ਸਟਾਫ਼ ਦੀ ਵੀ ਹਾਜ਼ਰੀ ਰਹੀ।

ਐਮਓਯੂ ਤਹਿਤ ਕਾਮਰਸ ਅਤੇ ਬਿਜ਼ਨਸ ਮੈਨੇਜਮੈਂਟ ਵਿਭਾਗ ਦੇ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਟ੍ਰੇਨਿੰਗ, ਇੰਟਰਨਸ਼ਿਪ, ਉਦਯੋਗਿਕ ਸਿਖਲਾਈ, ਟੈਕਸੇਸ਼ਨ, ਜੀਐਸਟੀ, ਕਾਰ-ਪੋਰੇਟ ਕਾਨੂੰਨ, ਵਿੱਤੀ ਪ੍ਰਬੰਧਨ ਅਤੇ ਹੋਰ ਪੇਸ਼ੇਵਰ ਖੇਤਰਾਂ ਨਾਲ ਸੰਬੰਧਿਤ ਸੈਮੀਨਾਰਾਂ, ਵਰਕਸ਼ਾਪਾਂ, ਵਿਸ਼ੇਸ਼ ਲੈਕਚਰਾਂ ਅਤੇ ਮਾਰਗਦਰਸ਼ਨ ਸੈਸ਼ਨਾਂ ਦਾ ਲਾਭ ਮਿਲੇਗਾ। ਇਸ ਨਾਲ ਵਿਦਿਆਰਥੀਆਂ ਨੂੰ ਸਿਰਫ਼ ਸਿਧਾਂਤਕ ਗਿਆਨ ਹੀ ਨਹੀਂ, ਸਗੋਂ ਵਿਵਹਾਰਕ ਅਤੇ ਰੁਜ਼ਗਾਰਮੁਖੀ ਹੁਨਰ ਵੀ ਪ੍ਰਾਪਤ ਹੋਣਗੇ, ਜੋ ਉਨ੍ਹਾਂ ਦੇ ਕਰੀਅਰ ਨਿਰਮਾਣ ਵਿੱਚ ਮਦਦਗਾਰ ਸਾਬਤ ਹੋਣਗੇ।

ਸਾਲ 2023 ਵਿੱਚ ਸਮਝੌਤਾ ਹੋਣ ਤੋਂ ਬਾਅਦ ਸ਼੍ਰੀ ਅਮਨਦੀਪ ਟੈਗੋਰ ਵੱਲੋਂ ਸਮੇਂ-ਸਮੇਂ ’ਤੇ ਆਮਦਨ ਕਰ, ਈ-ਫਾਈਲਿੰਗ, ਜੀਐਸਟੀ ਅਤੇ ਹੋਰ ਸਮਕਾਲੀ ਵਿੱਤੀ ਵਿਸ਼ਿਆਂ ਨਾਲ ਸੰਬੰਧਿਤ ਵਰਕਸ਼ਾਪਾਂ ਅਤੇ ਵਿਸ਼ੇਸ਼ ਲੈਕਚਰ ਕਰਵਾਏ ਜਾਂਦੇ ਰਹੇ ਹਨ। ਇਨ੍ਹਾਂ ਗਤੀਵਿਧੀਆਂ ਨੇ ਵਿਦਿਆਰਥੀਆਂ ਨੂੰ ਪੇਸ਼ੇਵਰ ਜਗਤ ਦੀਆਂ ਲੋੜਾਂ, ਕਾਰਜ-ਪ੍ਰਣਾਲੀਆਂ ਅਤੇ ਨਵੀਆਂ ਸੰਭਾਵਨਾਵਾਂ ਨਾਲ ਜਾਣੂ ਕਰਵਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ।

ਇਸ ਮੌਕੇ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਨੇ ਕਿਹਾ ਕਿ ਰਾਸ਼ਟਰੀ ਸਿੱਖਿਆ ਨੀਤੀ-2020 ਵਿਦਿਆਰਥੀਆਂ ਨੂੰ ਅਕਾਦਮਿਕ ਸਿੱਖਿਆ ਦੇ ਨਾਲ-ਨਾਲ ਵਿਹਾਰਕ ਸਿਖਲਾਈ ਅਤੇ ਹੁਨਰ ਵਿਕਾਸ ਦੇ ਮੌਕੇ ਪ੍ਰਦਾਨ ਕਰਨ ’ਤੇ ਵਿਸ਼ੇਸ਼ ਜ਼ੋਰ ਦਿੰਦੀ ਹੈ। ਉਨ੍ਹਾਂ ਕਿਹਾ ਕਿ ਟੈਗੋਰ ਐਂਡ ਕੰਪਨੀ ਨਾਲ ਐਮਓਯੂ ਦਾ ਨਵੀਨੀਕਰਨ ਵਿਦਿਆਰਥੀਆਂ ਨੂੰ ਉਦਯੋਗ ਅਤੇ ਪੇਸ਼ੇਵਰ ਖੇਤਰ ਨਾਲ ਹੋਰ ਨੇੜੇ ਜੋੜੇਗਾ ਅਤੇ ਉਨ੍ਹਾਂ ਦੀ ਰੁਜ਼ਗਾਰ ਯੋਗਤਾ ਵਿੱਚ ਮਹੱਤਵਪੂਰਨ ਵਾਧਾ ਕਰੇਗਾ।

ਕਾਮਰਸ ਅਤੇ ਬਿਜ਼ਨਸ ਮੈਨੇਜਮੈਂਟ ਵਿਭਾਗ ਦੀ ਮੁਖੀ ਡਾ. ਕਮਲਦੀਪ ਕੌਰ ਨੇ ਦੱਸਿਆ ਕਿ ਪਿਛਲੇ ਤਿੰਨ ਸਾਲਾਂ ਤੋਂ ਟੈਗੋਰ ਐਂਡ ਕੰਪਨੀ ਦੇ ਸਹਿਯੋਗ ਨਾਲ ਵਿਦਿਆਰਥੀਆਂ ਨੂੰ ਇਨਕਮ ਟੈਕਸ, ਈ-ਫਾਈਲਿੰਗ, ਜੀਐਸਟੀ ਅਤੇ ਹੋਰ ਵਿਹਾਰਕ ਖੇਤਰਾਂ ਬਾਰੇ ਕੀਮਤੀ ਜਾਣਕਾਰੀ ਅਤੇ ਤਜਰਬਾ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਨਵੀਨੀਕਰਨ ਨਾਲ ਵਿਦਿਆਰਥੀਆਂ ਲਈ ਇੰਟਰਨਸ਼ਿਪ, ਪ੍ਰੈਕਟੀਕਲ ਟ੍ਰੇਨਿੰਗ ਅਤੇ ਪੇਸ਼ੇਵਰ ਮਾਰਗਦਰਸ਼ਨ ਦੇ ਹੋਰ ਵੱਧ ਮੌਕੇ ਉਪਲਬਧ ਹੋਣਗੇ।

ਸ਼੍ਰੀ ਅਮਨਦੀਪ ਟੈਗੋਰ ਨੇ ਵੀ ਵਿਦਿਆਰਥੀਆਂ ਦੇ ਹੁਨਰ ਵਿਕਾਸ, ਪੇਸ਼ੇਵਰ ਸਿਖਲਾਈ ਅਤੇ ਕਰੀਅਰ ਉੱਨਤੀ ਲਈ ਆਪਣੀ ਸੰਸਥਾ ਦੀ ਵਚਨਬੱਧਤਾ ਦੁਹਰਾਉਂਦਿਆਂ ਕਿਹਾ ਕਿ ਟੈਗੋਰ ਐਂਡ ਕੰਪਨੀ ਭਵਿੱਖ ਵਿੱਚ ਵੀ ਕਾਲਜ ਨਾਲ ਮਿਲ ਕੇ ਅਜਿਹੇ ਵਿਦਿਆਰਥੀ-ਕੇਂਦਰਿਤ ਉਪਰਾਲਿਆਂ ਨੂੰ ਜਾਰੀ ਰੱਖੇਗੀ।

ਇਹ ਨਵੀਨੀਕ੍ਰਿਤ ਐਮਓਯੂ ਅਕਾਦਮਿਕ ਸੰਸਥਾ ਅਤੇ ਉਦਯੋਗ ਵਿਚਕਾਰ ਸਹਿਯੋਗ ਨੂੰ ਹੋਰ ਮਜ਼ਬੂਤ ਬਣਾਉਂਦੇ ਹੋਏ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ, ਹੁਨਰ ਨਿਰਮਾਣ ਅਤੇ ਭਵਿੱਖੀ ਕਰੀਅਰ ਸਿਰਜਣ ਵਿੱਚ ਅਹਿਮ ਭੂਮਿਕਾ ਨਿਭਾਏਗਾ।

ਇਸ ਮੌਕੇ ਡਾ. ਕਮਲਦੀਪ ਕੌਰ, ਪ੍ਰੋ. ਦੀਪਕਾ, ਸ. ਪਰਮਜੀਤ ਸਿੰਘ (ਦਫ਼ਤਰ ਸੁਪਰਡੈਂਟ) ਅਤੇ ਡਾ. ਸੋਹਣ ਸਿੰਘ (ਐਸੋਸੀਏਟ ਪ੍ਰੋਫੈਸਰ, ਦਿੱਲੀ ਯੂਨੀਵਰਸਿਟੀ) ਸਮੇਤ ਹੋਰ ਪਤਵੰਤੇ ਵੀ ਹਾਜ਼ਰ ਸਨ।

# ਥਾਣਾਂ ਚੱਬੇਵਾਲ ਵਾਲ ਨੂੰ ਦੋ ਦਿਨ ਦਾ ਸਮਾਂ ਦਿੱਤਾ ਨਹੀਂ ਤਾਂ ਬਸਪਾ ਸੰਘਰਸ਼ ਕਰੇਗੀ -ਐਡਵੋਕੇਟ ਮਲਵਿੰਦਰ ਮਾਨਾਂ



**ਚੱਬੇਵਾਲ( ਚਰਨਜੀਤ ਸੱਲ੍ਹਾ )** ਹਲਕਾ ਚੱਬੇਵਾਲ ਦੇ ਪਿੰਡ ਜੈਤਪੁਰ ਦੇ ਗਰੀਬ ਪਰਿਵਾਰ ਦੀ ਵਿਧਵਾ ਔਰਤ ਮਨਜੀਤ ਕੌਰ ਦੇ ਨਾਲ ਸ਼ਰੇਆਮ ਹੋਈ ਬਦਸਲੂਕੀ ਅਤੇ ਜਲੀਲ ਕਰਦੇ ਹੋਏ ਬੋਲੇ ਅਪ ਸ਼ਬਦ, ਵਾਲਾ ਤੋਂ ਫੜਕੇ ਕੰਧਾ ਚ ਮਾਰਿਆ ਤੇ ਕਿਤੇ ਅਸ਼ਲੀਲ ਇਸ਼ਾਰੇ, ਪਰ ਥਾਣਾ ਚੱਬੇਵਾਲ ਦੀ ਪੁਲਿਸ ਵੱਲੋਂ ਦੋਸ਼ੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ । ਬਸਪਾ ਆਗੂਆਂ ਵਲੋਂ ਪੁਲਿਸ ਨੂੰ ਦੋ ਦਿਨ ਦਾ ਸਮਾਂ ਦਿੱਤਾ । ਜੇਕਰ ਪੁਲਿਸ ਨੇ ਦੋਸ਼ੀਆਂ ਵਿਰੁੱਧ ਕਾਰਵਾਈ ਨਹੀਂ ਕੀਤੀ ਤੇ ਪਰਚਾ ਦਰਜ ਨਹੀਂ ਕੀਤਾ ਤਾਂ ਬਸਪਾ ਥਾਣਾ ਚੱਬੇਵਾਲ ਦੇ ਖਿਲਾਫ ਕਰੇਗੀ ਸੰਘਰਸ਼ ।ਜਿਸ ਵਿੱਚ ਐਡਵੋਕੇਟ ਪਲਵਿੰਦਰ ਸਿੰਘ ਮਾਨਾਂ ਅਤੇ ਬਾਕੀ ਅਹੁਦੇਦਾਰ ਸ਼ਾਮਲ ਸਨ।

# ਭਾਜਪਾ ਦੇ ਸੀਨੀਅਰ ਆਗੂ ਅਮਨਪ੍ਰੀਤ ਸਿੰਘ ਗੁਰੂ ਦੀ ਬਸਪਾ ਵਿੱਚ ਘਰ ਵਾਪਸੀ, ਬਹੁਜਨ ਮਿਸ਼ਨ ਨੂੰ ਮਿਲੀ ਨਵੀਂ ਤਾਕਤ : ਕਰੀਮਪੁਰੀ




**ਜਲੰਧਰ (ਚਰਨਜੀਤ ਸੱਲ੍ਹਾ )**ਬਹੁਜਨ ਸਮਾਜ ਪਾਰਟੀ ਦੀਆਂ ਨੀਤੀਆਂ ਅਤੇ ਮਹਾਨ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਭਾਜਪਾ ਦੇ ਸੀਨੀਅਰ ਆਗੂ ਅਮਨਪ੍ਰੀਤ ਸਿੰਘ ਗੁਰੂ ਨੇ ਆਪਣੀ ਮਾਂ ਪਾਰਟੀ ਬਹੁਜਨ ਸਮਾਜ ਪਾਰਟੀ ਵਿੱਚ ਸ਼ਾਮਲ ਹੋਣ ਦਾ ਫ਼ੈਸਲਾ ਕੀਤਾ। ਇਸ ਮੌਕੇ ਬਸਪਾ ਪੰਜਾਬ ਦੇ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਜੀ ਨੇ ਅਮਨਪ੍ਰੀਤ ਸਿੰਘ ਗੁਰੂ ਨੂੰ ਪਾਰਟੀ ਦਾ ਪਟਕਾ ਪਾ ਕੇ ਸਨਮਾਨ ਸਹਿਤ ਪਾਰਟੀ ਵਿੱਚ ਸ਼ਾਮਲ ਕੀਤਾ। ਡਾ. ਕਰੀਮਪੁਰੀ ਜੀ ਨੇ ਕਿਹਾ ਕਿ ਪਾਰਟੀ ਵਿੱਚ ਆਉਣ ਵਾਲੇ ਹਰ ਸਾਥੀ ਨੂੰ ਉਸਦਾ ਬਣਦਾ ਮਾਣ-ਸਤਿਕਾਰ ਅਤੇ ਜ਼ਿੰਮੇਵਾਰੀ ਦਿੱਤੀ ਜਾਵੇਗੀ। ਬਹੁਜਨ ਸਮਾਜ ਦੀ ਭਲਾਈ, ਸਮਾਜਿਕ ਨਿਆਂ ਅਤੇ ਬਰਾਬਰੀ ਲਈ ਲੜਨ ਵਾਲੇ ਸਾਥੀਆਂ ਦਾ ਬਸਪਾ ਪਰਿਵਾਰ ਵਿੱਚ ਸਵਾਗਤ ਹੈ। ਅਮਨਪ੍ਰੀਤ ਸਿੰਘ ਗੁਰੂ ਦੀ ਸ਼ਮੂਲੀਅਤ ਨਾਲ ਪਾਰਟੀ ਨੂੰ ਹੋਰ ਮਜ਼ਬੂਤੀ ਮਿਲੇਗੀ ਅਤੇ ਬਹੁਜਨ ਮਿਸ਼ਨ ਨੂੰ ਨਵੀਂ ਰਫ਼ਤਾਰ ਪ੍ਰਾਪਤ ਹੋਵੇਗੀ। ਇਸ ਮੌਕੇ ਤੇ ਬਸਪਾ ਦੇ ਅਹੁਦੇਦਾਰ ਹਾਜ਼ਰ ਸਨ।




# ਜ਼ਿਲ੍ਹਾ ਪੱਧਰੀ ਮਾਸਟਰ ਟ੍ਰੇਨਰਾਂ ਵੱਲੋਂ ਚੋਣ ਹਲਕਾ ਪੱਧਰ ਦੇ ਮਾਸਟਰ ਟ੍ਰੇਨਰਾਂ ਨੂੰ ਦਿੱਤੀ ਟ੍ਰੇਨਿੰਗ



**ਨਵਾਂਸ਼ਹਿਰ, 11 ਜੂਨ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਵਿੱਚ ਵੋਟਰ ਸੂਚੀਆਂ ਦੀ ਸਪੈਸ਼ਲ ਇਨਟੈਂਸਿਵ ਰਵੀਜ਼ਨ (ਐਸ ਆਈ ਆਰ)-2026 ਨੂੰ ਸਫ਼ਲ ਬਣਾਉਣ ਲਈ, ਜ਼ਿਲ੍ਹਾ ਪੱਧਰੀ ਮਾਸਟਰ ਟ੍ਰੇਨਰਾਂ ਵੱਲੋਂ ਚੋਣ ਹਲਕਾ ਪੱਧਰ ਦੇ ਮਾਸਟਰ ਟ੍ਰੇਨਰਾਂ ਨੂੰ ਸਿਖਲਾਈ ਦੇਣ ਲਈ ਦੋ ਰੋਜ਼ਾ ਟ੍ਰੇਨਿੰਗ ਵਰਕਸ਼ਾਪ ਵਧੀਕ ਡਿਪਟੀ ਕਮਿਸ਼ਨਰ (ਜ) ਸੰਜੀਵ ਸ਼ਰਮਾ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਖੇ ਲਗਾਈ ਗਈ। ਇਸ ਟ੍ਰੇਨਿੰਗ ਵਰਕਸ਼ਾਪ ਵਿੱਚ ਐਸ.ਡੀ.ਐਮ. ਨਵਾਂਸ਼ਹਿਰ ਅਨਮਜਯੋਤ ਕੌਰ, ਸਹਾਇਕ ਕਮਿਸ਼ਨਰ ਜਨਰਲ ਰਮਨਜੀਤ, ਜ਼ਿਲ੍ਹਾ ਸੂਚਨਾ ਅਫ਼ਸਰ ਵਿਸ਼ਾਲ ਸ਼ਰਮਾ, ਸੁਰਿੰਦਰ ਪਾਲ ਅਗਨੀਹੋਤਰੀ, ਜ਼ਿਲ੍ਹਾ ਟਾਊਨ ਪਲੈਨਰ ਗੁਰਮੁੱਖ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ ਅਨਿਤਾ ਸ਼ਰਮਾ,ਡਿਪਟੀ ਡੀ.ਈ.ਓ. ਲਖਵੀਰ ਸਿੰਘ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਜਗਰੂਪ ਸਿੰਘ, ਡੀ.ਸੀ.ਪੀ.ਓ ਕੰਚਨ ਅਰੋੜਾ ਅਤੇ ਵੱਖ-ਵੱਖ ਟੀਮ ਦੇ ਨੋਡਲ ਅਫ਼ਸਰ ਤੇ ਮੈਂਬਰ ਹਾਜ਼ਰ ਸਨ। ਵਧੀਕ ਡਿਪਟੀ ਕਮਿਸ਼ਨਰ (ਜ) ਸੰਜੀਵ ਸ਼ਰਮਾਂ ਨੇ ਦੱਸਿਆ ਕਿ ਟ੍ਰੇਨਿੰਗ ਦੌਰਾਨ ਜ਼ਿਲ੍ਹਾ ਮਾਸਟਰ ਟ੍ਰੇਨਰਾਂ ਵੱਲੋਂ ਚੋਣ ਹਲਕਾ ਪੱਧਰ ਦੇ ਮਾਸਟਰ ਟ੍ਰੇਨਰਾਂ ਅਤੇ ਵੱਖ-ਵੱਖ ਟੀਮਾਂ ਨੋਡਲ ਅਫ਼ਸਰ ਤੇ ਮੈਂਬਰਾਂ ਨੂੰ ਵੋਟਰ ਸੂਚੀ ਦੀ ਵਿਸ਼ੇਸ਼ ਸੰਘਣੀ ਸੋਧ ਪ੍ਰਕਿਰਿਆ ਅਤੇ ਗਣਨਾ ਫਾਰਮ ਭਰਨ ਦੇ ਤਰੀਕੇ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੂੰ ਫਾਰਮ ਵਿੱਚ ਦਰਜ ਕੀਤੇ ਜਾਣ ਵਾਲੇ ਵੇਰਵਿਆਂ, ਲੋੜੀਂਦੇ ਦਸਤਾਵੇਜ਼ਾਂ ਅਤੇ ਆਨਲਾਈਨ ਅਪਲੋਡਿੰਗ ਪ੍ਰਕਿਰਿਆ ਤੋਂ ਵੀ ਜਾਣੂ ਕਰਵਾਇਆ ਗਿਆ। ਵਧੀਕ ਡਿਪਟੀ ਕਮਿਸ਼ਨਰ (ਜ) ਨੇ ਕਿਹਾ ਕਿ ਐਸ.ਆਈ.ਆਰ. ਦਾ ਮੁੱਖ ਉਦੇਸ਼ ਵੋਟਰ ਸੂਚੀ ਨੂੰ 100% ਸ਼ੁੱਧ ਅਤੇ ਅੱਪਡੇਟ ਕਰਨਾ ਹੈ। ਇਸ ਲਈ ਹਰੇਕ ਬੀ.ਐਲ.ਓ ਵੱਲੋਂ 25 ਜੂਨ ਤੋਂ 24 ਜੁਲਾਈ 2026 ਤੱਕ ਆਪਣੇ-ਆਪਣੇ ਬੂਥ ਖੇਤਰ ਵਿੱਚ ਘਰ-ਘਰ ਜਾ ਕੇ ਗਣਨਾ ਫਾਰਮ ਭਰਨ ਦਾ ਕੰਮ ਪੂਰੀ ਤਨਦੇਹੀ ਅਤੇ ਨਿਰਪੱਖਤਾ ਨਾਲ ਕਰੇ। ਉਨ੍ਹਾਂ ਕਿਹਾ ਕਿ ਫਾਰਮ ਭਰਨ ਸਮੇਂ ਕਿਸੇ ਵੀ ਯੋਗ ਵੋਟਰ ਦਾ ਨਾਂ ਛੁੱਟਣ ਨਾ ਦਿੱਤਾ ਜਾਵੇ ਅਤੇ ਕੋਈ ਵੀ ਗਲਤ ਜਾਣਕਾਰੀ ਦਰਜ ਨਾ ਕੀਤੀ ਜਾਵੇ।

# ਸਬ ਇੰਸਪੈਕਟਰ ਕੇਵਲ ਕ੍ਰਿਸ਼ਨ ਨੇ ਸੰਭਾਲਿਆ ਐਸਐਚਓ ਥਾਣਾ ਸਿਟੀ ਬੰਗਾ ਦਾ ਪਦਭਾਰ



**ਬੰਗਾ (ਚਰਨਜੀਤ ਸੱਲ੍ਹਾ):-** ਸਬ ਇੰਸਪੈਕਟਰ ਕੇਵਲ ਕ੍ਰਿਸ਼ਨ ਨੇ ਥਾਣਾ ਸਿਟੀ ਬੰਗਾ ਵਿਖੇ ਬਤੌਰ ਐਸਐਚਓ ਦਾ ਪਦਭਾਰ ਅੱਜ ਸੰਭਾਲ ਲਿਆ ਹੈ । ਉਹ ਨਵਾਂਸ਼ਹਿਰ ਥਾਣਾ ਸਿਟੀ ਤੋਂ ਬਦਲ ਕੇ ਇੱਥੇ ਆਏ ਹਨ। ਪਹਿਲੇ ਐਸਐਚਓ ਜਸਵਿੰਦਰ ਸਿੰਘ ਨੂੰ ਥਾਣਾ ਮੁਕੰਦਪੁਰ ਦਾ ਐਸ ਐਚ ਓ ਲਗਾਇਆ ਗਿਆ। ਪਦਭਾਰ ਸੰਭਾਲਦਿਆਂ ਸਬ ਇੰਸਪੈਕਟਰ ਕੇਵਲ ਕ੍ਰਿਸ਼ਨ ਨੇ ਕਿਹਾ ਕਿ ਬੰਗਾ ਵਿੱਚ ਨਸ਼ਾ ਤਸਕਰਾਂ ਨੂੰ ਸਖਤ ਚੇਤਾਵਨੀ ਹੈ ਕਿ ਉਹ ਆਪਣਾ ਸੁਧਾਰ ਕਰ ਲੈਣ ਅਤੇ ਨਸ਼ਾ ਤਸਕਰੀ ਬੰਦ ਕਰ ਦੇਣ ਨਹੀਂ ਤਾਂ ਬੰਗਾ ਦੇ ਇਲਾਕੇ ਨੂੰ ਛੱਡ ਕੇ ਚਲੇ ਜਾਣ। ਨਹੀਂ ਤਾਂ ਫਿਰ ਜੇਲ ਜਾਣ ਲਈ ਤਿਆਰ ਰਹਿਣ। ਉਹਨਾਂ ਕਿਹਾ ਕਿ ਸਰਕਾਰ ਦੁਆਰਾ ਚਲਾਈ ਜਾ ਰਹੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਦੇ ਤਹਿਤ ਅਸੀਂ ਪਹਿਲ ਦੇ ਆਧਾਰ ਤੇ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਤੋਂ ਦੂਰ ਰੱਖ ਕੇ ਉਹਨਾਂ ਦਾ ਹਰ ਹਾਲਤ ਵਿੱਚ ਬਚਾਅ ਕਰਨਾ ਹੈ। ਉਹਨਾਂ ਕਿਹਾ ਕਿ ਕਿਸੇ ਨੂੰ ਵੀ ਕਾਨੂੰਨ ਨੂੰ ਆਪਣੇ ਹੱਥ ਵਿੱਚ ਲੈਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਚੋਰਾਂ, ਠੱਗਾਂ ਅਤੇ ਗੈਂਗਸਟਰਾਂ ਤੇ ਵੀ ਉਹਨਾਂ ਦੀ ਖਾਸ ਨਜ਼ਰ ਰਹੇਗੀ। ਕੁਰਸੀ ਤੇ ਬੈਠਣ ਤੋਂ ਪਹਿਲਾਂ ਥਾਣਾ ਸਿਟੀ ਬੰਗਾ ਦੇ ਐਡੀਸ਼ਨਲ ਐਸਐਚਓ ਵਿਜੇ ਕੁਮਾਰ ਸ਼ਰਮਾ ਨੇ ਉਨ੍ਹਾਂ ਦਾ ਜ਼ੋਰਦਾਰ ਸਵਾਗਤ ਕੀਤਾ ਅਤੇ ਉਹਨਾਂ ਦਾ ਬਰਫੀ ਨਾਲ ਮੂੰਹ ਮਿੱਠਾ ਕਰਵਾਇਆ। ਸਮੂਹ ਸਟਾਫ ਨੇ ਨਵ ਨਿਯੁਕਤ ਐਸ ਐਚ ਓ ਕੇਵਲ ਕ੍ਰਿਸ਼ਨ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਸਬ ਇੰਸਪੈਕਟਰ ਕੇਵਲ ਕ੍ਰਿਸ਼ਨ ਨੇ ਸਾਰੇ ਸਮੂਹ ਸਾਥੀਆਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ। ਉਹਨਾਂ ਵਾਅਦਾ ਕੀਤਾ ਕਿ ਸਮੂਹ ਸਟਾਫ ਨਾਲ ਪੂਰੇ ਤਾਲਮੇਲ ਨਾਲ ਕਾਨੂੰਨ ਦੀ ਰਖਵਾਲੀ ਕੀਤੀ ਜਾਵੇਗੀ। ਇਸ ਮੌਕੇ ਮੁੱਖ ਮੁਨਸ਼ੀ ਵਰਿੰਦਰ ਕੁਮਾਰ, ਛੋਟਾ ਮੁਨਸ਼ੀ ਭਵਨ ਕੁਮਾਰ ਅਤੇ ਪੰਜਾਬ ਹੋਮ ਗਾਰਡ ਰੀਨਾ ਰਾਣੀ ਵੀ ਹਾਜਰ ਸਨ।

# ਬਾਬਾ ਬਾਲਕ ਨਾਥ ਜੀ ਦੇ ਜਨਮ ਦਿਨ ਨੂੰ ਸਮਰਪਿਤ 20 ਜੂਨ ਨੂੰ ਕਰਵਾਇਆ ਜਾਵੇਗਾ ਵਿਸ਼ੇਸ਼ ਧਾਰਮਿਕ ਸਮਾਗਮ ਕਰਵਾਇਆ ਜਾਵੇਗਾ ਕਾਠਗੜ੍ਹ ਵਿਖੇ

**ਨਵਾਂਸ਼ਹਿਰ /ਕਾਠਗੜ੍ਹ , 10 ਜੂਨ (ਜਤਿੰਦਰਪਾਲ ਸਿੰਘ ਕਲੇਰ) :** ਸਿੰਗੀਆਂ ਵਾਲੇ ਬਾਬਾ ਬਾਲਕ ਨਾਥ ਜੀ ਦੇ ਜਨਮ ਦਿਨ ਦੇ ਮੌਕੇ ’ਤੇ ਧਾਰਮਿਕ ਸ਼ਰਧਾ ਅਤੇ ਆਸਥਾ ਨਾਲ ਵਿਸ਼ੇਸ਼ ਸਮਾਗਮ ਕਰਵਾਉਣ ਦਾ ਐਲਾਨ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਸੇਵਾਦਾਰ ਗੋਬਿੰਦ ਸ਼ਰਮਾ ਕਾਠਗੜ੍ਹ ਨੇ ਦੱਸਿਆ ਕਿ 20 ਜੂਨ 2026 ਦਿਨ ਸ਼ਨੀਵਾਰ ਨੂੰ ਸ਼ੀਤਲਾ ਮਾਤਾ ਮੰਦਰ ਕਾਠਗੜ੍ਹ ਵਿਖੇ ਧਾਰਮਿਕ ਸਮਾਗਮ ਕਰਵਾਇਆ ਜਾਵੇਗਾ ਇਹ ਵਿਸ਼ੇਸ਼ ਪ੍ਰੋਗਰਾਮ ਬਾਬਾ ਜੀ ਜਨਮ ਦਿਨ ਨੂੰ ਸਮਰਪਿਤ ਹੋਵੇਗਾ । ਇਸ ਮੌਕੇ ਸੰਗਤਾਂ ਲਈ ਵਿਸ਼ੇਸ਼ ਧਾਰਮਿਕ ਪ੍ਰੋਗਰਾਮ ਰੱਖਿਆ ਗਿਆ ਹੈ ਇਸ ਮੌਕੇ ਪੰਜਾਬ ਦੇ ਸਿਰਮੌਰ ਕਲਾਕਾਰ ਰਤੀ ਸੀਲੋਂ ਬਾਬਾ ਜੀ ਦੇ ਭਜਨਾਂ ਨਾਲ ਸੰਗਤਾਂ ਨੂੰ



ਨਿਹਾਲ ਕਰਨਗੇ। ਉਨ੍ਹਾਂ ਦੁਰਾਡੇ ਤੋਂ ਆਉਣ ਵਾਲੀ ਇਲਾਕੇ ਦੇ ਲੋਕਾਂ ਅਤੇ ਦੂਰ- ਸੰਗਤ ਨੂੰ ਵੱਧ ਚੜ੍ਹ ਕੇ ਹਾਜ਼ਰੀ ਭਰਨ ਦੀ ਅਪੀਲ ਕੀਤੀ। ਇਸ ਮੌਕੇ ਸਮਾਗਮ ਨੂੰ ਸੋਸ਼ਲ ਮੀਡੀਆ ਅਤੇ ਲਾਈਵ ਪ੍ਰਸਾਰਣ ਰਾਹੀਂ ਵੀ ਲੋਕਾਂ ਤੱਕ ਪਹੁੰਚਾਇਆ ਜਾਵੇਗਾ। ਇਹ ਸਮਾਗਮ ਧਾਰਮਿਕ ਏਕਤਾ, ਸੇਵਾ ਭਾਵਨਾ ਅਤੇ ਸਮਾਜਕ ਭਾਈਚਾਰੇ ਦਾ ਸੰਦੇਸ਼ ਦੇਵੇਗਾ। ਇਸ ਸਮਾਗਮ ਲਈ ਅਸ਼ੋਕ ਵਰਮਾ ਅਮਰੀਕਾ ਵਾਲਿਆਂ ਵਲੋਂ ਵਿਸ਼ੇਸ਼ ਯੋਗਦਾਨ ਪਾਇਆ ਜਾਵੇਗਾ। ਪ੍ਰਬੰਧਕਾਂ ਵੱਲੋਂ ਵਰਮਾ ਪਰਿਵਾਰ ਯੂ.ਐਸ.ਏ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਸਮਾਗਮ ਨੂੰ ਲੈ ਕੇ ਸਥਾਨਕ ਸੰਗਤਾਂ ਵਿੱਚ ਉਤਸ਼ਾਹ ਦਾ ਮਾਹੌਲ ਵੇਖਿਆ ਜਾ ਰਿਹਾ ਹੈ। ਇਸ ਮੌਕੇ ਅਤਲ ਕੁਮਾਰ (ਰਵੀ), ਵਿਸ਼ਾਲ ਆਨੰਦ, ਮਿਟੂੰ ਆਨੰਦ, ਨਿਤਿਨ, ਰੋਹਿਤ ਕੁਮਾਰ, ਕੇਸ਼ਵ ਆਨੰਦ ਕਾਕੂ ਵਰਮਾ, ਰਾਮ ਜੀ, ਵਿਸ਼ੂ, ਸ਼ਾਮਾਂ ਆਦਿ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਆਊਟਸੋਰਸ ਕਾਮਿਆਂ ਵਲੋਂ ਬਿਜਲੀ ਬੋਰਡ ਦੀ ਮੈਨੇਜਮੈਂਟ ਖਿਲਾਫ਼ ਧਰਨਾ

**ਭੀਖੀ,11 ਜੂਨ (ਕਮਲ ਜਿੰਦਲ)** ਪਾਵਰਕਾਮ ਐਂਡ ਟਰਾਂਸਕੋ ਤਾਲਮੇਲ ਕਮੇਟੀ ਦੇ ਸੱਦੇ 'ਤੇ ਅੱਜ ਆਊਟਸੋਰਸ ਕਾਮਿਆਂ ਵਲੋਂ ਸਥਾਨ ਆਊਟਲੇਟ ਸਟੋਰ ਮਾਨਸਾ ਵਿਖੇ ਪ੍ਰਧਾਨ ਗੁਰਵਿੰਦਰ ਸਿੰਘ ਗੋਲਟਾ ਦੀ ਅਗਵਾਈ ਵਿੱਚ 3 ਦਿਨਾਂ ਤੋਂ ਰੋਸ ਧਰਨਾ ਦਿੱਤਾ ਜਾ ਰਿਹਾ ਹੈ । ਸਾਥੀਆਂ ਵੱਲੋਂ ਬਿਜਲੀ ਬੋਰਡ ਦੀ ਮੈਨੇਜਮੈਂਟ ਖਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਧਰਨੇ ਦੌਰਾਨ ਆਗੂਆਂ ਨੇ ਦੱਸਿਆ ਕਿ ਬਿਜਲੀ ਬੋਰਡ ਦੀ ਮੈਨੇਜਮੈਂਟ ਵਲੋਂ ਪਿਛਲੇ ਦਿਨੀਂ ਜਥੇਬੰਦੀ ਨਾਲ ਹੋਈ ਸਹਿਮਤੀ ਦੇ ਬਾਵਜੂਦ ਵੀ ਨੋਟੀਫਿਕੇਸ਼ਨ ਨਹੀਂ ਕੀਤਾ ਗਿਆ। ਉਸ ਦੇ ਵਿਰੋਧ



ਵਿਚ ਪੀ. ਐਸ. ਪੀ. ਸੀ. ਐਲ./ਪੀ. ਐਸ. ਟੀ. ਸੀ. ਐਲ. ਕੰਟਰੈਕਚੁਅਲ ਵਰਕਰਜ਼ ਯੂਨੀਅਨ ਪੰਜਾਬ ਦੇ ਝੰਡੇ ਹੇਠ ਆਊਟਲੈਟ ਸਟੋਰ ਮਾਨਸਾ ਦੇ ਸਾਰੇ ਆਉਟਸੋਰਸ ਕਾਮਿਆਂ ਵਲੋਂ ਆਪਣੀਆਂ ਮੰਗਾਂ ਰੱਖੀਆਂ ਗਈਆਂ ਹਨ। ਆਗੂਆਂ ਨੇ ਦੱਸਿਆ ਕਿ ਕਾਮਿਆਂ ਦੀਆਂ ਮੰਗਾਂ ਪ੍ਰਵਾਨ ਹੋਣ ਤੱਕ ਅਤੇ ਨੋਟੀਫ਼ਿਕੇਸ਼ਨ ਜਾਰੀ ਕਰਨ ਤੱਕ ਸੰਘਰਸ਼ ਜਾਰੀ ਰਹੇਗਾ। ਇਸ ਸਮੇਂ ਅਮਰੀਕ ਸਿੰਘ ਖਜਾਨਚੀ, ਜਸਵਿੰਦਰ ਸਿੰਘ ਬੱਬੀ ਮੀਤ ਪ੍ਰਧਾਨ ਗੁਰਮੇਲ ਸਿੰਘ ਪਾਲਾ ਸਿੰਘ ਗੁਰਬਖਸ਼ ਸਿੰਘ ਮਨਪ੍ਰੀਤ ਸੁਖਵਿੰਦਰ ਕੁਮਾਰ ਨੈਬ ਸਿੰਘ ਰਾਮ ਸਿੰਘ ਭਰਪੂਰ ਸਿੰਘ ਗੁਰਮੇਲ ਸਿੰਘ ਮੇਲਾ ਅਮਨਦੀਪ ਸਿੰਘ ਨਾਲ ਹਾਜ਼ਰ ਸਨ।

# ਪਿੰਡ ਅਕਲੀਆ ਵਿਖੇ ਫੌਜ ਅਤੇ ਪੰਜਾਬ ਪੁਲਿਸ ਵਿੱਚ ਭਰਤੀ ਹੋਏ ਨੌਜਵਾਨਾਂ ਦਾ ਚਹਿਲ ਵੱਲੋਂ ਕੀਤਾ ਸਨਮਾਨ

**ਭੀਖੀ,11 ਜੂਨ ( ਕਮਲ ਜਿੰਦਲ)** ਜ਼ਿਲ੍ਹਾ ਪ੍ਰੀਸ਼ਦ ਮਾਨਸਾ ਦੇ ਚੇਅਰਮੈਨ ਚੁਸਪਿੰਦਰਬੀਰ ਚਹਿਲ ਵੱਲੋਂ ਪਿੰਡ ਅਕਲੀਆ ਵਿਖੇ ਫੌਜ ਅਤੇ ਪੰਜਾਬ ਪੁਲਿਸ ਵਿੱਚ ਭਰਤੀ ਹੋਏ ਨੌਜਵਾਨਾਂ ਦੇ ਸਨਮਾਨ ਸਮਾਰੋਹ ਦੌਰਾਨ ਨੌਜਵਾਨਾਂ ਦੀਆਂ ਪ੍ਰਾਪਤੀਆਂ 'ਤੇ ਮਾਣ ਪ੍ਰਗਟ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਕਿਹਾ ਗਿਆ ਕਿ ਦੇਸ਼ ਅਤੇ ਪੰਜਾਬ ਦੀ ਸੇਵਾ



ਲਈ ਚੁਣੇ ਗਏ ਨੌਜਵਾਨ ਪਿੰਡ ਅਤੇ ਇਲਾਕੇ ਲਈ ਮਾਣ ਵਾਲੀ ਗੱਲ ਹਨ। ਉਨ੍ਹਾਂ ਕਿਹਾ ਕਿ ਕੋਚ ਸ. ਅਮਰੀਕ ਸਿੰਘ ਭੁੱਲਰ ਪਿਛਲੇ ਕਈ ਸਾਲਾਂ ਤੋਂ ਨੌਜਵਾਨਾਂ ਨੂੰ ਮੁਫ਼ਤ ਭਰਤੀ ਟ੍ਰੇਨਿੰਗ ਦੇ ਰਹੇ ਹਨ। ਉਨ੍ਹਾਂ ਦੀ ਮਿਹਨਤ, ਟ੍ਰੇਨਿੰਗ ਅਤੇ ਮਾਰਗਦਰਸ਼ਨ ਸਦਕਾ 80



ਤੋਂ ਵੱਧ ਨੌਜਵਾਨ ਫੌਜ ਅਤੇ ਪੰਜਾਬ ਪੁਲਿਸ ਵਿੱਚ ਭਰਤੀ ਹੋ ਕੇ ਦੇਸ਼ ਅਤੇ ਸੂਬੇ ਦੀ ਸੇਵਾ ਕਰ ਰਹੇ ਹਨ। ਇਹ ਪੰਜਾਬ ਦੀ ਮਿਹਨਤੀ, ਅਨੁਸ਼ਾਸਿਤ ਅਤੇ ਨਸ਼ਿਆਂ ਤੋਂ ਦੂਰ ਰਹਿਣ ਵਾਲੀ ਸੋਚ ਦੀ ਮਿਸਾਲ ਹੈ। ਨੌਜਵਾਨਾਂ ਨੂੰ ਖੇਡਾਂ ਅਤੇ ਫਿਟਨੈੱਸ ਵੱਲ ਹੋਰ ਪ੍ਰੇਰਿਤ ਕਰਨ ਲਈ ਪਿੰਡ ਅਕਲੀਆ ਵਿੱਚ ਜਿੰਮ ਹਾਲ ਅਤੇ ਜਿੰਮ ਦਾ ਸਮਾਨ ਮੁਹੱਈਆ ਕਰਵਾਉਣ ਦਾ ਉਨ੍ਹਾਂ ਵੱਲੋਂ ਵਾਅਦਾ ਕੀਤਾ ਗਿਆ। ਇਸ ਮੌਕੇ ਕੋਚ ਅਮਰੀਕ ਸਿੰਘ ਭੁੱਲਰ, ਕੋਚ ਹਰਦੀਪ ਕੌਰ, ਉਮੀਦ ਸੇਵਾ ਸੁਸਾਇਟੀ ਅਤੇ ਭਰਤੀ ਹੋਏ ਸਾਰੇ ਨੌਜਵਾਨਾਂ ਨੂੰ ਵਧਾਈ ਦਿੱਤੀ ਗਈ। ਬੁਲਾਰਿਆਂ ਨੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾ ਕੇ ਖੇਡਾਂ, ਸਿੱਖਿਆ ਅਤੇ ਰੋਜ਼ਗਾਰ ਨਾਲ ਜੋੜਨਾ ਹੀ ਸਮਾਜ ਦੀ ਤਰੱਕੀ ਦਾ ਅਸਲ ਰਾਹ ਹੈ।

# ਟੌਂਸਾ ਵਿਖੇ 'ਬੇਟੀ ਬਚਾਓ ਬੇਟੀ ਪੜ੍ਹਾਓ' ਪ੍ਰੋਗਰਾਮ ਤਹਿਤ ਜਾਗਰੂਕਤਾ ਸੈਮੀਨਾਰ ਆਯੋਜਿਤ

**ਬਲਾਚੌਰ, 11 ਜੂਨ (ਜਤਿੰਦਰ ਪਾਲ ਸਿੰਘ ਕਲੇਰ )** ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਲੈਫ. ਜਨਰਲ ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ ਬਲਾਚੌਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਿੰਦਰਜੀਤ ਕੌਰ ਦੀ ਰਹਿਨੁਮਾਈ ਹੇਠ ਪਿੰਡ ਟੌਂਸਾ ਵਿਖੇ 'ਬੇਟੀ ਬਚਾਓ ਬੇਟੀ ਪੜ੍ਹਾਓ' ਪ੍ਰੋਗਰਾਮ ਤਹਿਤ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਬਲਾਕ ਐਕਸਟੈਂਸ਼ਨ ਐਜੂਕੇਟਰ ਨਿਰਮਲ ਸਿੰਘ ਨੇ ਭਰੂਣ ਹੱਤਿਆ ਰੋਕਣ ਤੇ ਲੜਕੀਆਂ ਨੂੰ ਲੜਕਿਆਂ ਦੇ ਬਰਾਬਰ ਸਮਝਣ ਦਾ ਸੱਦਾ ਦਿੰਦਿਆਂ ਲੋਕਾਂ ਨੂੰ ਭਰੂਣ ਹੱਤਿਆ, ਬਾਲ ਵਿਆਹ ਤੇ ਘਰੇਲੂ ਹਿੰਸਾ ਆਦਿ ਬਾਰੇ ਜਾਗਰੂਕ ਕੀਤਾ। ਉਨ੍ਹਾਂ ਦੱਸਿਆ ਕਿ ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਭਰੂਣ ਹੱਤਿਆ ਰੋਕਣ ਲਈ ਪ੍ਰੇਰਿਤ ਕਰਨਾ ਹੈ। ਉਨ੍ਹਾਂ ਕਿਹਾ ਕਿ ਲਿੰਗ ਅਨੁਪਾਤ ਵਿੱਚ ਸੁਧਾਰ ਲਈ ਸਮਾਜ ਦੀ ਮਾਨਸਿਕਤਾ ਨੂੰ



ਬਦਲਣਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਮਾਜ ਅੰਦਰ ਫੈਲੀਆਂ ਭਰੂਣ ਹੱਤਿਆ ਵਰਗੀਆਂ ਕੁਰੀਤੀਆਂ ਮਿਟਾਉਣ ਅਤੇ ਲੜਕੀਆਂ ਦੀ ਪੜ੍ਹਾਈ 'ਤੇ ਜ਼ੋਰ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਆਪਣੀ ਸੋਚ ਬਦਲਦਿਆਂ ਲੜਕੀਆਂ ਨੂੰ ਲੜਕਿਆਂ ਦੇ ਬਰਾਬਰ ਸਮਝਣਾ ਚਾਹੀਦਾ ਹੈ। ਪੀ.ਐਨ.ਡੀ.ਟੀ. ਐਕਟ ਬਾਰੇ ਉਨ੍ਹਾਂ ਦੱਸਿਆ ਕਿ ਗਰਭ 'ਚ ਪਲ ਰਹੇ ਬੱਚੇ ਦਾ ਲਿੰਗ ਪਤਾ ਕਰਨਾ ਤੇ ਭਰੂਣ ਹੱਤਿਆ ਕਰਨਾ ਨਾ ਸਿਰਫ਼ ਸਜ਼ਾ-ਯੋਗ ਅਪਰਾਧ ਹੈ, ਬਲਕਿ ਇਹ ਇਕ ਮਹਾਂ-ਪਾਪ ਹੈ। ਉਨ੍ਹਾਂ ਦੱਸਿਆ ਕਿ ਦੇਸ਼ ਦੁਨੀਆ ਦੇ ਇਤਿਹਾਸ ਵਿਚ ਬਹੁਤ ਸਾਰੀਆਂ ਅਜਿਹੀਆਂ ਉਦਾਹਰਣਾਂ ਮਿਲਦੀਆਂ ਹਨ, ਜਦੋਂ ਲੜਕੀਆਂ ਨੇ ਦੇਸ਼ ਦਾ ਮਾਣ ਵਧਾਇਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਉਪਰਾਲਾ ਕਰਦਿਆਂ ਪੰਜ ਸਾਲ ਤੱਕ ਦੀਆਂ ਬੱਚੀਆਂ ਦਾ ਇਲਾਜ ਸਾਰੇ ਸਰਕਾਰੀ ਹਸਪਤਾਲਾਂ ਵਿਚ ਮੁਫਤ ਕੀਤਾ ਜਾਂਦਾ ਹੈ। ਉਨ੍ਹਾਂ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਜਨਨੀ ਸੁਰੱਖਿਆ ਯੋਜਨਾ, ਪੀ.ਸੀ.-ਪੀ.ਐੱਨ.ਡੀ.ਟੀ. ਐਕਟ ਅਤੇ ਹੋਰ ਸੁਵਿਧਾਵਾਂ ਬਾਰੇ ਜਾਗਰੂਕ ਕੀਤਾ।

# ਸਮਤਾ ਸੈਨਿਕ ਦਲ ਨੇ ਪੰਜਾਬ ਸਰਕਾਰ ਤੋਂ ਬੁੱਧ-ਪੂਰਨਿਮਾ ਦੀ ਗਜ਼ਟਿਡ ਛੁੱਟੀ ਦੀ ਕੀਤੀ ਮੰਗ ਅਤੇ ਮਰਦਮਸ਼ੁਮਾਰੀ ਬਾਰੇ ਕੀਤੀ ਵਿਚਾਰ-ਗੋਸ਼ਠੀ




















ਬਾਬਾ ਸਾਹਿਬ ਡਾ. ਅੰਬੇਡਕਰ ਦੁਆਵਾ 13 ਮਾਰਚ 1927 ਨੂੰ ਸਥਾਪਿਤ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਦੀ ਪੰਜਾਬ ਇਕਾਈ ਦੇ ਸਕੱਤਰ ਸ਼੍ਰੀ ਸੰਨੀ ਥਾਪਰ ਨੇ ਇੱਕ ਪ੍ਰੈਸ ਬਿਆਨ ਰਾਹੀਂ ਕਿਹਾ ਹੈ ਕਿ ਬੀਤੇ ਦਿਨੀਂ ਦਲ ਦੀ ਪੰਜਾਬ ਇਕਾਈ ਵੱਲੋਂ ਇੱਕ ਵਿਚਾਰ-ਗੋਸ਼ਠੀ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਕਰਵਾਈ ਗਈ, ਜਿਸਦਾ ਵਿਸ਼ਾ 'ਭਾਰਤ ਵਿਚ ਚੱਲ ਰਹੀ ਮਰਦਮਸ਼ੁਮਾਰੀ ਅਤੇ ਪੰਜਾਬ ਵਿੱਚ ਬੁੱਧ-ਪੂਰਨਿਮਾ ਦੀ ਗਜ਼ਟਿਡ ਛੁੱਟੀ ਕਰਵਾਉਣਾ' ਸੀ. ਇਸ ਵਿਚਾਰ-ਗੋਸ਼ਠੀ ਦੀ ਪ੍ਰਧਾਨਗੀ ਦਲ ਦੇ ਸੂਬਾ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਨੇ ਕੀਤੀ ਅਤੇ ਮੁੱਖ ਬੁਲਾਰਿਆਂ ਦੇ ਤੌਰ 'ਤੇ ਸ਼੍ਰੀ ਰਮੇਸ਼ ਸਿੱਧੂ (ਸੰਪਾਦਕ ਬੁੱਧ ਧਰਮ ਪ੍ਰਚਾਰਕ) ਹੁਸ਼ਿਆਰਪੁਰ; ਸ਼੍ਰੀ ਦਵਾਰਕਾ ਭਾਰਤੀ (ਪ੍ਰਮੁੱਖ ਬੁਧੀਜੀਵੀ) ਹੁਸ਼ਿਆਰਪੁਰ ਅਤੇ ਐਡਵੋਕੇਟ ਚਰਨਜੀਤ ਪੁਵਾਰੀ (ਪ੍ਰਮੁੱਖ ਅੰਬੇਡਕਰੀ) ਫਿਲੌਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ.

ਸ਼੍ਰੀ ਰਮੇਸ਼ ਸਿੱਧੂ ਨੇ ਆਪਣੇ ਭਾਸ਼ਣ ਦੌਰਾਨ ਪੰਜਾਬ ਵਿੱਚ ਬੁੱਧ ਧੰਮ ਨੂੰ ਫੈਲਾਉਣ ਬਾਰੇ ਅਪਣਾ ਅਨੁਭਵ ਸਾਂਝਾ ਕਰਦੇ ਹੋਏ ਕਿਹਾ ਕਿ ਸਾਨੂੰ ਪੰਜਾਬ ਵਿੱਚ ਬੁੱਧ ਧੰਮ ਨੂੰ ਫੈਲਾਉਣ ਲਈ ਸਭ ਬੋਧੀ ਤੇ ਅੰਬੇਡਕਰੀ ਸੰਸਥਾਵਾਂ ਨੂੰ ਨਾਲ ਲੈਕੇ ਧੰਮ ਦਾ ਪ੍ਰਚਾਰ-ਪ੍ਰਸਾਰ ਕਰਨਾ ਚਾਹੀਦਾ ਹੈ ਅਤੇ ਦੇਸ਼ ਵਿੱਚ ਚੱਲ ਰਹੀ ਮਰਦਮਸ਼ੁਮਾਰੀ ਦੌਰਾਨ ਦਲਿਤ ਸਮਾਜ ਨੂੰ ਆਪਣਾ ਧਰਮ ਬੋਧੀ ਲਿਖਵਾਉਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ. ਸ਼੍ਰੀ ਦਵਾਰਕਾ ਭਾਰਤੀ ਨੇ ਆਪਣੇ ਭਾਸ਼ਣ ਦੌਰਾਨ ਕਿਹਾ ਕਿ ਸਾਨੂੰ ਬਾਬਾ ਸਾਹਿਬ ਡਾ. ਅੰਬੇਡਕਰ ਦੀ ਤਰਕਵਾਦੀ ਵਿਚਾਰਧਾਰਾ ਨੂੰ ਅਪਨਾਉਂਦੇ ਹੋਏ ਅਪਣੇ ਅੰਦਰੋਂ ਪੀੜ੍ਹੀ-ਦਰ-ਪੀੜ੍ਹੀ ਚੱਲੀ ਆ ਰਹੀ ਅੰਧਵਿਸ਼ਵਾਸੀ ਵਿਚਾਰਧਾਰਾ ਨੂੰ ਪੂਰੀ ਤਰ੍ਹਾਂ ਤਿਆਗ ਦੇਣਾ ਚਾਹੀਦਾ ਹੈ ਅਤੇ ਦੇਸ਼ ਵਿੱਚ ਚੱਲ ਰਹੀ ਮਰਦਮਸ਼ੁਮਾਰੀ ਦੌਰਾਨ ਆਪਣੇ-ਆਪ ਨੂੰ ਬੋਧੀ ਹੀ ਲਿਖਵਾਉਣਾ ਚਾਹੀਦਾ ਹੈ. ਐਡਵੋਕੇਟ ਚਰਨਜੀਤ ਪੁਵਾਰੀ ਨੇ ਆਪਣੇ ਭਾਸ਼ਣ ਦੌਰਾਨ ਮਰਦਮਸ਼ੁਮਾਰੀ ਬਾਰੇ ਬਹੁਤ ਹੀ ਗੰਭੀਰਤਾ ਨਾਲ ਚਾਨਣਾ ਪਾਉਂਦੇ ਹੋਏ ਦਲਿਤ ਸਮਾਜ ਨੂੰ ਜਾਤਾਂ ਵਿੱਚ ਫ਼ਸੇ ਰਹਿਣ ਦੇ ਨੁਕਸਾਨ ਅਤੇ ਆਪਣਾ ਧਰਮ ਬੋਧੀ ਲਿਖਵਾਉਣ ਦੇ ਲਾਭ ਬਾਰੇ ਜਾਣੂ ਕਰਵਾਇਆ ਅਤੇ ਉਹਨਾਂ ਨੇ ਦੱਸਿਆ ਕਿ ਇਹ ਮਰਦਮਸ਼ੁਮਾਰੀ ਭਾਰਤ ਸਰਕਾਰ ਦੁਆਰਾ ਭਾਰਤੀ ਸੰਵਿਧਾਨ ਦੇ ਅਨੁਛੇਦ 246 ਅਤੇ ਮਰਦਮਸ਼ੁਮਾਰੀ ਐਕਟ 1948 ਦੇ ਅਨੁਸਾਰ ਕੀਤੀ ਜਾ ਰਹੀ ਹੈ.

ਦਲ ਦੀ ਕੇਂਦਰੀ ਕਾਰਜਕਾਰਨੀ ਕਮੇਟੀ ਦੇ ਮੈਂਬਰ ਸ਼੍ਰੀ ਵਰਿੰਦਰ ਕੁਮਾਰ ਨੇ ਦਲ ਦੀ ਪੰਜਾਬ ਇਕਾਈ ਵੱਲੋਂ ਹੇਠ ਲਿਖੇ ਪ੍ਰਸਤਾਵ ਉਪਸਥਿਤ ਮਿਸ਼ਨਰੀ ਸਾਥੀਆਂ ਦੇ ਸਨਮੁੱਖ ਰਖਦੇ ਹੋਏ ਕਿਹਾ ਕਿ ਦਲ ਦੀ ਪੰਜਾਬ ਇਕਾਈ ਪੰਜਾਬ ਵਿੱਚ ਬੁੱਧ-ਪੂਰਨਿਮਾ ਦੀ ਗਜ਼ਟਿਡ ਛੁੱਟੀ ਕਰਵਾਉਣ ਲਈ ਹਰ ਸੰਭਵ ਉਪਰਾਲੇ ਕਰਨ ਲਈ ਯਤਨਸ਼ੀਲ ਰਹੇਗੀ. ਉਹਨਾਂ ਕਿਹਾ ਕਿ ਜਿਥੇ ਦਲ ਦੀ ਪੰਜਾਬ ਇਕਾਈ ਦਲਿਤ ਸਮਾਜ ਨੂੰ ਆਪਣੀਆਂ ਜਾਤਾਂ ਤੋਂ ਉੱਪਰ ਉੱਠ ਕੇ ਮਰਦਮਸ਼ੁਮਾਰੀ ਵਿੱਚ ਆਪਣਾ ਧਰਮ ਬੋਧੀ ਲਿਖਵਾਉਣ ਦੀ ਅਪੀਲ ਕਰਦੀ ਹੈ; ਉਥੇ ਉਹ ਅੰਬੇਡਕਰੀ ਸਮਾਜ ਨੂੰ ਬੋਧੀ ਸਭਿਆਚਾਰ ਅਪਨਾਉਂਣ ਦੀ ਵੀ ਅਪੀਲ ਕੀਤੀ. ਇਸ ਤੋਂ ਇਲਾਵਾ ਉਨ੍ਹਾਂ ਨੇ ਕਿਹਾ ਕਿ ਦਲ ਦੀ ਪੰਜਾਬ ਇਕਾਈ ਆਪਣੇ ਸਮਾਜ ਦੇ ਮਹਾਂਪੁਰਖਾ ਦੇ ਸਮਾਜਿਕ ਸੰਘਰਸ਼ਾਂ ਦਾ ਸਨਮਾਨ ਕਰਦੇ ਹੋਏ ਬਾਬਾ ਸਾਹਿਬ ਡਾ. ਅੰਬੇਡਕਰ ਦੁਆਰਾ ਦਿਖਾਏ ਤਥਾਗਤ ਬੁੱਧ ਦੇ ਮਾਰਗ ਉਤੇ ਚਲਦੇ ਹੋਏ ਬੁੱਧ ਧੰਮ ਨੂੰ ਵਿਚਾਰਕ ਤੋਰ 'ਤੇ ਦੇਸ਼ ਵਿਚ ਫਿਲਾਉਣ ਦਾ ਵੀ ਉਪਰਾਲਾ ਕਰੇਗੀ. ਇਨ੍ਹਾਂ ਪ੍ਰਸਤਾਵਾਂ ਨੂੰ ਸਰਵਸੰਮਤੀ ਨਾਲ ਪਾਸ ਕੀਤਾ ਗਿਆ. ਆਪਣੇ ਪ੍ਰਧਾਨਗੀ ਭਾਸ਼ਣ ਦੌਰਾਨ ਐਡਵੋਕੇਟ ਕੁਲਦੀਪ ਭੱਟੀ ਨੇ ਵੀ ਦੇਸ਼ ਵਿੱਚ ਚੱਲ ਰਹੀ ਮਰਦਮਸ਼ੁਮਾਰੀ 'ਤੇ ਚਾਨਣਾ ਪਾਉਂਦੇ ਹੋਏ ਮਰਦਮਸ਼ੁਮਾਰੀ ਦੇ ਆਨਲਾਈਨ ਫਾਰਮ ਬਾਰੇ ਜਾਣਕਾਰੀ ਦਿੰਦੇ ਹੋਏ ਉਕਤ ਫਾਰਮ ਦੇ ਕਾਲਮ ਨੰ. 13 ਬਾਰੇ ਦੱਸਿਆ ਕਿ ਮਰਦਮਸ਼ੁਮਾਰੀ ਦੇ ਇਸ ਕਾਲਮ ਵਿੱਚ ਤਿੰਨ ਵਿਕਲਪ ਦਿੱਤੇ ਗਏ ਹਨ; ਪਹਿਲਾ ਐਸ. ਸੀ., ਦੂਸਰਾ ਐਸ. ਟੀ. ਅਤੇ ਤਿਸਰਾ ਹੋਰ. ਉਨ੍ਹਾਂ ਨੇ ਦਲਿਤ ਸਮਾਜ ਨੂੰ ਇਹ ਕਾਲਮ ਧਿਆਨ ਨਾਲ ਸੋਚ-ਵਿਚਾਰ ਕੇ ਭਰਨ ਦੀ ਅਪੀਲ ਕਰਦੇ ਹੋਏ ਇਸ ਵਿਚਾਰ-ਗੋਸ਼ਠੀ ਵਿਚ ਸ਼ਾਮਲ ਬੋਧੀ ਤੇ ਅੰਬੇਡਕਰੀ ਸੰਸਥਾਵਾਂ ਅਤੇ ਮਿਸ਼ਨਰੀ ਸਾਥੀਆਂ ਦਾ ਧੰਨਵਾਦ ਕੀਤਾ. ਇਨ੍ਹਾਂ ਤੋਂ ਇਲਾਵਾ ਸਰਵਸ਼੍ਰੀ ਡਾ. ਅਸ਼ੋਕ ਸਹੋਤਾ (ਸੂਬਾ ਪ੍ਰਧਾਨ ਬਾਮਸੇਫ਼ ਪੰਜਾਬ), ਹੁਸਨ ਲਾਲ ਬੋਧ, ਇਨਕਲਾਬ ਸੰਗਰ, ਸ਼ਿੰਦਰ ਪਾਲ ਚਮੇਲੀ (ਫਰੀਦਕੋਟ), ਕਲਵੰਤ ਸਿੰਘ ਰੰਧਾਵਾ (ਅਮ੍ਰਿਤਸਰ), ਅਰਵਿੰਦ ਕਸ਼ਿਅਪ (ਕਪੂਰਥਲਾ), ਜਸਵਿੰਦਰ ਵਰਿਆਣਾ, ਵਿਨੋਦ ਕਾਂਬਲੀ (ਪੂਨਾ), ਇਜ਼. ਜੀਤ ਸਿੰਘ (ਪ੍ਰਧਾਨ ਬੀ. ਐਸ. ਐਨ. ਐਸ. ਨਵੀਂ ਦਿੱਲੀ ), ਬਲਵਿੰਦਰ ਢੰਡਾ, ਐਸ. ਕੇ. ਸੁਨੇਤ, ਡੀ ਆਰ ਅਦੀਆ ਨੇ ਵੀ ਆਪਣੇ ਵਿਚਾਰ ਰੱਖੇ. ਮਿਸ. ਹਰਸਿਮਰਨ ਕੌਰ ਭੱਟੀ ਨੇ ਸਮਾਜਿਕ ਕਵਿਤਾ ਪੇਸ਼ ਕਰਕੇ ਸਭ ਦਾ ਮਨ ਮੋਹ ਲਿਆ. ਦਲ ਦੀ ਪੰਜਾਬ ਇਕਾਈ ਦੇ ਸਕੱਤਰ ਸ਼੍ਰੀ ਸੰਨੀ ਥਾਪਰ ਨੇ ਮੰਚ ਸੰਚਾਲਨ ਬਾਖੂਬੀ ਨਿਭਾਇਆ.

ਇਸ ਮੌਕੇ ਇਸ ਵਿਚਾਰ-ਗੋਸ਼ਠੀ ਵਿਚ ਸਰਵਸ਼੍ਰੀ ਅਰਵਿੰਦ ਕੁਮਾਰ (ਪ੍ਰਧਾਨ ਪਿੱਛੜਾ ਵਰਗ ਜੂਨੀਅਨ ਰੇਲ ਕੋਚ ਫੈਕਟਰੀ ਕਪੂਰਥਲਾ), ਰਾਮ ਨਾਥ ਸੰਢਾ, ਰਾਜ ਕੁਮਾਰ ਸਾਕੀ, ਐਮ. ਆਰ. ਸੱਲਣ, ਰਜਿੰਦਰ ਕੁਮਾਰ ਜੱਸਲ, ਰਾਜੇਸ਼ ਵਿਰਦੀ, ਚਰਨਜੀਤ ਸਿੰਘ (ਰਿਟ. ਇਨਕੰਮ ਟੈਕਸ ), ਉਮ ਪ੍ਰਕਾਸ਼ (ਰਿਟ. ਐਸ. ਬੀ. ਆਈ), ਕੈਪਟਨ ਪ੍ਰੇਮਸਿੰਘ ਭੱਟੀ (ਅਮ੍ਰਿਤਸਰ), ਆਧਿਤੈ ਚੋਹਾਨ, ਜਗਦੀਸ਼ ਰਾਏ ਤੇ ਰਾਜਰਾਣੀ (ਪ੍ਰਧਾਨ ਸੈਂਟ੍ਰਲ ਵਾਲਮੀਕਿ ਸਭਾ ਯੂ. ਕੇ), ਚਮਨ ਲਾਲ, ਆਸ਼ੀਸ਼ ਕੁਮਾਰ, ਚੰਚਲ ਬੋਧ, ਸੁਰਿੰਦਰ ਕੌਰ, ਹਰਭਜਨ ਨਿਮਤਾਂ, ਐਡਵੋਕੇਟ ਦਰਸ਼ਨ ਸਿੰਘ ਸਾਬਕਾ ਜੱਜ ਕੰਜ਼ੂਮਰ ਅਦਾਲਤ ), ਮੰਗਤ ਰਾਮ ਤੇ ਪਵਨ ਕੁਮਾਰ (ਵਰਿਆਣਾ), ਜਾਗੀਰ ਸਿੰਘ ਸਬਰਵਾਲ, ਰਾਜਿੰਦਰ ਬਿੱਟੂ, ਕੁਲਵਿੰਦਰ ਕੁਮਾਰ ਬਿੱਟੂ (ਨੂਰਮਹਿਲ), ਐਡਵੋਕੇਟ ਮਾਨਸੀ, ਐਡਵੋਕੇਟ ਅਸ਼ਨੀ ਦਾਦਰਾ, ਮਾਮਤਾ ਰਾਣੀ, ਕੁਲਦੀਪ ਕੁਮਾਰ (ਸਿਆਣੀਵਾਲ ), ਹਰਜਿੰਦਰ ਸਿੰਘ ਭੱਟੀ (ਸਿਆਣੀਵਾਲ) ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ.

**(ਸੰਨੀ ਥਾਪਰ)**
**ਸਕੱਤਰ : ਪੰਜਾਬ ਇਕਾਈ,**
**ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.)**

# ਤਕਸ਼ਿਲਾ ਮਹਾਂ ਬੁੱਧ ਵਿਹਾਰ ਲੁਧਿਆਣਾ ਵਿਖੇ ਬੱਚਿਆਂ ਲਈ ਸ਼੍ਰਮਨੇਰ ਸਿਖਲਾਈ ਕੈਂਪ

**ਸਮਾਜ ਵੀਕਲੀ ਯੂ ਕੇ**

ਲੁਧਿਆਣਾ ਹਰਭਜਨ ਸਾਂਪਲਾ: ਭੰਤੇ ਪ੍ਰਗਿਆ ਬੋਧੀ ਜੀ ਦੀ ਯੋਗ ਅਗਵਾਈ ਹੇਠ ਤਕਸ਼ਿਲਾ ਮਹਾਂ ਬੁੱਧ ਵਿਹਾਰ ਲੁਧਿਆਣਾ ਵਿਖੇ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸ਼੍ਰਮਨੇਰ ਸਿਖਲਾਈ ਕੈਂਪ ਪੂਰੇ ਜੋਰਾਂ-ਸ਼ੋਰਾਂ ਨਾਲ ਚੱਲ ਰਿਹਾ ਹੈ. ਸਾਰੇ ਉਪਾਸਕ ਸ਼੍ਰਮਨੇਰ ਸਿਖਲਾਈ ਕੈਂਪ ਦੀ ਸਫਲਤਾਪੂਰਵਕ ਕਾਮਯਾਬੀ ਲਈ ਦਾਨ ਅਤੇ ਖੁੱਲ੍ਹੇ ਦਿਲ ਨਾਲ ਯੋਗਦਾਨ ਪਾ ਰਹੇ ਹਨ। ਪੰਜਾਬ ਬੁਧਿੱਸਟ ਸੋਸਾਇਟੀ ਰਜਿ. ਪੰਜਾਬ, ਤਕਸ਼ਿਲਾ ਮਹਾਂ ਬੁੱਧ ਵਿਹਾਰ ਨੇ ਅੱਜ ਸਤਿਕਾਰਯੋਗ ਭਿਖਸ਼ੂ ਸੰਘ ਅਤੇ ਸ਼੍ਰਮਨੇਰਾਂ ਲਈ ਭੋਜਨਦਾਨ ਦਾ ਪ੍ਰਬੰਧ ਕੀਤਾ ਹੈ। ਸ਼੍ਰੀ ਮਨੋਜ ਕੁਮਾਰ, ਰਾਮ ਦਾਸ ਗੁਰੂ, ਪਰਗਨ ਬਿਲਗਾ (ਬੀਐਸਪੀ) ਅਤੇ ਪੰਜਾਬ ਬੁਧਿੱਸਟ ਸੋਸਾਇਟੀ ਰਜਿ. ਪੰਜਾਬ ਦੇ ਹੋਰ ਬਹੁਤ ਸਾਰੇ ਮੈਂਬਰ ਇਸ ਮੌਕੇ ‘ਤੇ ਮੌਜੂਦ ਸਨ ਅਤੇ ਭਿਖਸ਼ੂ ਸੰਘ ਤੋਂ ਅਸ਼ੀਰਵਾਦ ਲਿਆ।









# ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ ਪੰਜਾਬ ਸਰਕਾਰ ਹਰ ਵਰਗ ਦੇ ਵਿਕਾਸ ਲਈ ਵਚਨਬੱਧ : ਡਾ. ਰਵਜੋਤ ਸਿੰਘ

## ਹਰਪ੍ਰੀਤ ਸਿੰਘ ਕੌਂਸਲ, ਅਮਨਦੀਪ ਸਿੰਘ ਸਰਪੰਚ ਅਤੇ ਰਚਨਾ ਅੱਤਰੀ ਨੂੰ ਮਿਲੀਆਂ ਅਹਿਮ ਜ਼ਿੰਮੇਵਾਰੀਆਂ

**ਹੁਸ਼ਿਆਰਪੁਰ, 11 ਜੂਨ ( ਤਰਸੇਮ ਦੀਵਾਨਾ ) –** ਆਮ ਆਦਮੀ ਪਾਰਟੀ (ਆਪ) ਵੱਲੋਂ ਸੰਗਠਨ ਦਾ ਵਿਸਥਾਰ ਕਰਦੇ ਹੋਏ ਪਾਰਟੀ ਲਈ ਦਿਨ-ਰਾਤ ਮਿਹਨਤ ਕਰਨ ਵਾਲੇ ਆਗੂਆਂ ਨੂੰ ਅਹਿਮ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ। ਇਸੇ ਲੜੀ ਤਹਿਤ ਹਰਪ੍ਰੀਤ ਸਿੰਘ ਕੌਂਸਲ ਨੂੰ ਜ਼ਿਲ੍ਹਾ ਚੇਅਰਮੈਨ ਰਾਮਗੜ੍ਹੀਆ ਭਲਾਈ ਬੋਰਡ,ਅਮਨਦੀਪ ਸਿੰਘ ਸਰਪੰਚ ਨੂੰ ਸੂਬਾ ਸਪੋਰਟਸ ਕਮੇਟੀ ਮੈਂਬਰ ਅਤੇ ਰਚਨਾ ਅੱਤਰੀ ਨੂੰ ਜ਼ਿਲ੍ਹਾ ਮੀਤ ਪ੍ਰਧਾਨ ਜ਼ਿਲ੍ਹਾ ਮਹਿਲਾ ਵਿੰਗ ਨਿਯੁਕਤ ਕੀਤੇ ਜਾਣ 'ਤੇ ਪੰਜਾਬ ਦੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਵੱਲੋਂ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਹਰਦੇਵ ਸਿੰਘ ਕੌਂਸਲ ਸਟੇਟ ਚੇਅਰਮੈਨ ਸਿਵਲ ਪ੍ਰੋਡਕਸ਼ਨ ਲੀਗਲ ਸਰਵਿਸ, ਇੰਦਰਜੀਤ ਕੌਰ ਕੌਂਸਲ ਮੈਂਬਰ ਜ਼ਿਲ੍ਹਾ ਪਰਿਸ਼ਦ ਅਤੇ ਸਰਪੰਚ ਪਰਵਿੰਦਰ ਸਿੰਘ ਸੱਜਣ ਦੀ ਹਾਜ਼ਰੀ ਵਿੱਚ ਨਵ-ਨਿਯੁਕਤ ਅਹੁਦੇਦਾਰਾਂ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕਰਦਿਆਂ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਇੱਕ ਅਜਿਹੀ ਪਾਰਟੀ ਹੈ ਜਿੱਥੇ ਆਮ ਘਰਾਂ ਦੇ ਮਿਹਨਤੀ ਵਰਕਰਾਂ ਨੂੰ ਬਣਦਾ ਮਾਣ-ਸਤਿਕਾਰ ਦਿੱਤਾ ਜਾਂਦਾ ਹੈ। ਉਨ੍ਹਾਂ ਉਮੀਦ ਜਤਾਈ ਕਿ ਇਹ ਸਾਰੇ ਆਗੂ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣਗੇ । ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਇਤਿਹਾਸਕ



ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ ਪੰਜਾਬ ਨੂੰ ਮੁੜ 'ਰੰਗਲਾ ਪੰਜਾਬ' ਬਣਾਉਣ ਵੱਲ ਵੱਡੇ ਕਦਮ ਪੁੱਟੇ ਹਨ। ਉਨ੍ਹਾਂ ਮੁੱਖ ਪ੍ਰਾਪਤੀਆਂ ਗਿਣਾਉਂਦਿਆਂ ਕਿਹਾ ਕਿ ਪੰਜਾਬ ਦੇ ਲਗਭਗ 90 ਫੀਸਦੀ ਤੋਂ ਵੱਧ ਘਰਾਂ ਦਾ ਬਿਜਲੀ ਦਾ ਬਿੱਲ 'ਜ਼ੀਰੋ' ਆ ਰਿਹਾ ਹੈ, ਜਿਸ ਨਾਲ ਆਮ ਲੋਕਾਂ ਨੂੰ ਵੱਡੀ ਆਰਥਿਕ ਰਾਹਤ ਮਿਲੀ ਹੈ। ਸਰਕਾਰ ਵੱਲੋਂ ਬਿਨਾਂ ਕਿਸੇ ਰਿਸ਼ਵਤ ਜਾਂ ਸਿਫ਼ਾਰਿਸ਼ ਦੇ, ਨਿਰੋਲ ਮੈਰਿਟ ਦੇ ਅਧਾਰ 'ਤੇ ਹਜ਼ਾਰਾਂ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਪੰਜਾਬ ਵਿੱਚ ਖੋਲ੍ਹੇ ਗਏ 'ਆਮ ਆਦਮੀ ਕਲੀਨਿਕ' ਲੋਕਾਂ ਨੂੰ ਮੁਫ਼ਤ ਅਤੇ ਮਿਆਰੀ ਸਿਹਤ ਸਹੂਲਤਾਂ ਪ੍ਰਦਾਨ ਕਰ ਰਹੇ ਹਨ। ਇਸ ਦੇ ਨਾਲ ਹੀ ਸਰਕਾਰੀ ਸਕੂਲਾਂ ਨੂੰ 'ਸਕੂਲ ਆਫ਼ ਐਮੀਨੈਂਸ' ਵਜੋਂ ਵਿਕਸਿਤ ਕਰਕੇ ਸਿੱਖਿਆ ਦਾ ਪੱਧਰ ਉੱਚਾ ਚੁੱਕਿਆ ਗਿਆ ਹੈ। ਕੈਬਨਿਟ ਮੰਤਰੀ ਡਾ ਰਵਜੋਤ ਨੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਖੇਡਾਂ ਵੱਲ ਪ੍ਰੇਰਿਤ ਕਰਨ ਲਈ 'ਖੇਡਾਂ ਵਤਨ ਪੰਜਾਬ ਦੀਆਂ' ਵਰਗੇ ਵੱਡੇ ਉਪਰਾਲੇ ਕੀਤੇ ਗਏ ਹਨ, ਤਾਂ ਜੋ ਪੰਜਾਬ ਦੇ ਗੱਭਰੂ ਕੌਮਾਂਤਰੀ ਪੱਧਰ 'ਤੇ ਚਮਕ ਸਕਣ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਨੀਅਤ ਅਤੇ ਨੀਤੀ ਬਿਲਕੁਲ ਸਾਫ਼ ਹੈ। ਅਸੀਂ ਜੋ ਵਾਅਦੇ ਲੋਕਾਂ ਨਾਲ ਕੀਤੇ ਸਨ, ਉਹ ਇੱਕ-ਇੱਕ ਕਰਕੇ ਪੂਰੇ ਕੀਤੇ ਜਾ ਰਹੇ ਹਨ। ਹਰਪ੍ਰੀਤ ਸਿੰਘ, ਅਮਨਦੀਪ ਸਿੰਘ ਅਤੇ ਰਚਨਾ ਅੱਤਰੀ ਵਰਗੇ ਮਿਹਨਤੀ ਸਾਥੀ ਸਰਕਾਰ ਦੀਆਂ ਇਨ੍ਹਾਂ ਲੋਕ-ਪੱਖੀ ਨੀਤੀਆਂ ਨੂੰ ਹੇਠਲੇ ਪੱਧਰ ਤੱਕ ਲੈ ਕੇ ਜਾਣਗੇ ।

ਇਸ ਮੌਕੇ ਨਵੇਂ ਬਣੇ ਚੇਅਰਮੈਨ ਹਰਪ੍ਰੀਤ ਸਿੰਘ ਕੌਂਸਲ, ਸੂਬਾ ਸਪੋਰਟਸ ਕਮੇਟੀ ਮੈਂਬਰ ਅਮਨਦੀਪ ਸਿੰਘ ਸਰਪੰਚ ਅਤੇ ਜ਼ਿਲ੍ਹਾ ਮੀਤ ਪ੍ਰਧਾਨ ਰਚਨਾ ਅੱਤਰੀ ਨੇ ਪਾਰਟੀ ਹਾਈਕਮਾਂਡ, ਮੁੱਖ ਮੰਤਰੀ ਭਗਵੰਤ ਮਾਨ ਅਤੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਦਾ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਉਹ ਉਨ੍ਹਾਂ ਨੂੰ ਸੌਂਪੀ ਗਈ ਇਸ ਅਹਿਮ ਜ਼ਿੰਮੇਵਾਰੀ ਨੂੰ ਪੂਰੀ ਨਿਸ਼ਠਾ ਨਾਲ ਨਿਭਾਉਣਗੇ ਅਤੇ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਹਮੇਸ਼ਾ ਤਤਪਰ ਰਹਿਣਗੇ। ਇਸ ਮੌਕੇ ਹਰਦੇਵ ਸਿੰਘ ਕੌਂਸਲ ਸਟੇਟ ਚੇਅਰਮੈਨ ਸਿਵਲ ਪ੍ਰੋਡਕਸ਼ਨ ਲੀਗਲ ਸਰਵਿਸ, ਇੰਦਰਜੀਤ ਕੌਰ ਕੌਂਸਲ ਮੈਂਬਰ ਜ਼ਿਲ੍ਹਾ ਪਰਿਸ਼ਦ ਅਤੇ ਸਰਪੰਚ ਪਰਵਿੰਦਰ ਸਿੰਘ ਸੱਜਣ, ਇੰਦਰਪਾਲ ਸਿੰਘ ਹਰਿਆਣਾ, ਗੁਰਸੇਵਕ ਸਿੰਘ ਕੌਂਸਲ ਸਮੇਤ ਪਾਰਟੀ ਦੇ ਕਈ ਸੀਨੀਅਰ ਆਗੂ, ਵਰਕਰ ਅਤੇ ਇਲਾਕਾ ਨਿਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ, ਜਿਨ੍ਹਾਂ ਨੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਮੁਬਾਰਕਬਾਦ ਦਿੱਤੀ।

**ਫੋਟੋ ਅਜਮੇਰ ਦੀਵਾਨਾ**

# ਰਵਿਦਾਸੀਆ ਸਮਾਜ ਦੇ ਸੂਬਾ ਭਰ ਦੇ ਕਾਂਗਰਸੀ ਲੀਡਰਾਂ ਨੇ ਖੰਨਾ 'ਚ ਕੀਤੀ ਮੀਟਿੰਗ

ਰਵਿਦਾਸੀਆ ਸਮਾਜ ਦੇ ਸੂਬਾ ਭਰ ਦੇ ਕਾਂਗਰਸੀ ਲੀਡਰਾਂ ਨੇ ਖੰਨਾ 'ਚ ਕੀਤੀ ਮੀਟਿੰਗ

## (ਕਾਂਗਰਸ ਭਵਨ ਚੰਡੀਗੜ੍ਹ ਵਿਖ਼ੇ ਸ੍ਰੀ ਗੁਰੂ ਰਵਿਦਾਸ ਜੀ ਦਾ 650ਵਾਂ ਪ੍ਰਕਾਸ਼ ਦਿਵਸ ਮਨਾਉਣ ਦਾ ਐਲਾਨ)

**ਸਮਾਜ ਵੀਕਲੀ ਯੂ ਕੇ**

ਖੰਨਾ-11 ਜੂਨ (ਕੁਲਵੰਤ ਸਿੰਘ ਮੁਹਾਲੀ)- ਕਾਂਗਰਸ ਪਾਰਟੀ ਨਾਲ ਸਬੰਧਿਤ ਰਵਿਦਾਸੀਆ ਸਮਾਜ ਦੇ ਪੰਜਾਬ ਭਰ ਦੇ ਲੀਡਰਾਂ ਦੀ ਅਹਿਮ ਮੀਟਿੰਗ ਅੱਜ ਸਤਿਕਾਰ ਪੈਲੇਸ ਖੰਨਾ ਵਿਖ਼ੇ ਹੋਈ ਜਿਸ ਵਿੱਚ ਸ਼੍ਰੋਮਣੀ ਭਗਤ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸੂਬਾ ਪੱਧਰੀ ਸਮਾਗਮ ਕਾਂਗਰਸ ਭਵਨ ਚੰਡੀਗੜ੍ਹ ਵਿਖ਼ੇ ਮਨਾਉਣ ਸਬੰਧੀ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਸੀਨੀਅਰ ਕਾਂਗਰਸ ਲੀਡਰ ਪਰਮਿੰਦਰ ਸਿੰਘ ਸਮਾਣਾ ਨੇ ਸਮਾਗਮ ਨੂੰ ਸਫਲ ਬਣਾਉਣ ਲਈ ਅਤੇ ਸਮਾਗਮ ਦੀ ਰੂਪ ਰੇਖਾ ਉਲੀਕਣ ਤੋਂ ਲੈਕੇ ਸਮਾਗਮ ਦੀਆਂ ਤਿਆਰੀਆਂ ਲਈ ਵਿਸਥਾਰ ਪੂਰਵਕ ਜਾਣਕਾਰੀ ਸਾਂਝੀ ਕੀਤੀ ਅਤੇ ਇਸ ਸਬੰਧੀ ਸਾਰੇ ਸਾਥੀਆਂ ਕੋਲੋਂ ਸੁਝਾਅ ਮੰਗੇ ਗਏ। ਇਸ ਮੌਕੇ ਸੰਬੋਧਨ ਕਰਦਿਆਂ ਪਰਮਿੰਦਰ ਸਿੰਘ ਸਮਾਣਾ ਨੇ ਕਿਹਾ ਕਿ ਸ਼੍ਰੋਮਣੀ ਭਗਤ ਰਵਿਦਾਸ ਮਹਾਰਾਜ ਜੀ ਦਾ ਜੀਵਨ ਅਤੇ ਉਨ੍ਹਾਂ ਦੀ ਬਾਣੀ ਸਮੁੱਚੀ ਮਨੁੱਖਤਾ ਲਈ ਪ੍ਰੇਰਣਾ ਦਾ ਸਰੋਤ ਹੈ। ਉਨ੍ਹਾਂ ਕਿਹਾ ਕਿ ਭਗਤ ਰਵਿਦਾਸ ਮਹਾਰ-ਾਜ ਜੀ ਨੇ ਸਮਾਨਤਾ, ਭਾਈਚਾਰਕ ਸਾਂਝ, ਮਿਹਨਤ ਅਤੇ ਮਨੁੱਖਤਾ ਦਾ ਜੋ ਸੰਦੇਸ਼ ਦਿੱਤਾ,ਜੋ ਅੱਜ ਵੀ ਸਮਾਜ ਨੂੰ ਸਹੀ ਦਿਸ਼ਾ ਪ੍ਰਦਾਨ ਕਰ ਰਿਹਾ ਹੈ। ਉਨ੍ਹਾਂ ਗੁਰੂ ਰਵਿਦਾਸ ਜੀ ਦੀ ਪਵਿੱਤਰ ਬਾਣੀ ਦੀ ਪੰਗਤੀ " ਐਸਾ ਚਾਹੂੰ ਰਾਜ ਮੈਂ, ਜਿਥੈ ਮਿਲੈ ਸਭਨ ਕੋ ਅੰਨ " ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਸੰਦੇਸ਼ ਇੱਕ ਅਜਿਹੇ ਸਮਾਜ ਦੀ ਕਲਪਨਾ ਪੇਸ਼ ਕਰਦਾ ਹੈ ਜਿੱਥੇ ਹਰ ਵਿਅਕਤੀ ਨੂੰ ਬਰਾਬਰੀ, ਸਨਮਾਨ ਅਤੇ ਇਨਸਾਫ਼ ਮਿਲੇ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਵਿਖੇ ਹੋਣ ਵਾਲਾ ਸਮਾਗਮ ਗੁਰੂ ਰਵਿਦਾਸ ਜੀ ਦੇ ਉਪਦੇਸ਼ਾਂ ਨੂੰ ਲੋਕਾਂ ਤੱਕ ਪਹੁੰਚਾਉਣ ਅਤੇ ਸਮਾਜਿਕ ਸਾਂਝ ਨੂੰ ਹੋਰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗਾ। ਇਸ ਮੌਕੇ ਸ੍ਰੀ ਜੰਗ ਬਹਾਦੁਰ ਨੂੰ ਇਸ ਸਮਾਗਮ ਨੂੰ ਚੰਡੀਗੜ੍ਹ ਕਾਂਗਰਸ ਭਵਨ ਵਿਖ਼ੇ ਮਨਾਉਣ ਸਬੰਧੀ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੀ ਮੌਜੂਦਾ ਲੀਡਰਸ਼ਿਪ ਵੱਲੋਂ ਪੰਜਾਬ ਦੇ ਰਵਿਦਾਸੀਆ ਸਮਾਜ ਨੂੰ ਅਣਦੇਖਿਆ ਕਰਨ ਕਰਕੇ ਇਸ ਸਮਾਜ ਦੇ ਵੱਡੀ ਗਿਣਤੀ ਲੋਕੀਂ ਕਾਂਗਰਸ ਪਾਰਟੀ ਕੋਲੋਂ ਨਰਾਸ਼ ਹੋਕੇ ਦੂਸਰੀਆਂ ਪਾਰਟੀਆਂ ਵੱਲ ਨੂੰ ਚਲੇ ਗਏ ਜਿਸ ਕਰਕੇ ਕਾਂਗਰਸ ਕੇਂਦਰ ਅਤੇ ਸੂਬਾ ਪੱਧਰ ਤੇ ਸੱਤਾ ਤੋਂ ਬਾਹਰ ਹੋ ਗਈ। ਇਸ ਪ੍ਰੋਗਰਾਮ ਦੌਰਾਨ ਪੰਜਾਬ ਭਰ ਤੋਂ ਵੱਡੀ ਗਿਣਤੀ ਚ ਰਵਿਦਾਸ ਸਮਾਜ ਦੇ ਲੋਕਾਂ ਨੂੰ ਇਸ ਸਮਾਗਮ ਦੌਰਾਨ ਇਕੱਠੇ ਕਰਕੇ ਉਨ੍ਹਾਂ ਨੂੰ ਸ੍ਰੀ ਗੁਰੂ ਰਵਿਦ-ਾਸ ਜੀ ਦੀ ਵਿਚਾਰਧਾਰਾ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਮੁਹੱਈਆਂ ਕਰਵਾਈ ਜਾਵੇਗੀ ਅਤੇ ਰਵਿਦਾਸੀਆ ਭਾਈਚਾਰੇ ਦੇ ਲੋਕਾਂ ਨੂੰ ਕਾਂਗਰਸ ਪਾਰਟੀ ਨਾਲ ਮੁੜ ਤੋਂ ਜੋੜਨ ਲਈ ਉਪਰਾਲਾ ਕੀਤਾ ਜਾਵੇਗਾ ਤਾਂ ਜੋ ਕਾਂਗਰਸ ਪਾਰਟੀ ਕੇਂਦਰ ਅਤੇ ਪੰਜਾਬ ਦੀ ਸੱਤਾ ਤੇ ਕਾਬਜ਼ ਹੋ ਸਕੇ । ਇਸ ਮੌਕੇ ਪਰਮਿੰਦਰ ਸਿੰਘ ਸਮਾਣਾ, ਸ੍ਰੀ ਜੰਗ ਬਹਾਦਰ ਮੁਹਾਲੀ, ਕਰਤਿੰਦਰ ਪਾਲ ਸਿੰਘ ਸਿੰਘਪੁਰਾ (ਗਿੱਲ ਲੁਧਿਆਣਾ),ਸੁੱਖਵਿੰਦਰ ਸਿੰਘ ਬਿੱਲੂ ਖੇੜਾ ਫਗਵਾੜਾ,ਕੁਲਵੰਤ ਸਿੰਘ ਮੁਹਾਲੀ ਮਾਲੇਰਕੋਟਲਾ, ਹਰਬੰਸ ਸਿੰਘ ਨਕੋਦਰ ਜਲੰਧਰ, ਪਰਮਜੀਤ ਸਿੰਘ ਪਟਿਆਲਾ, ਰਜਿੰਦਰ ਸਿੰਘ ਬਰਨਾਲਾ, ਰਣਜੀਤ ਸਿੰਘ ਤਰਖਾਣਮਜਾਰਾ ਸ੍ਰੀ ਫਤਹਿਗੜ੍ਹ ਸਾਹਿਬ, ਬਲਵੀਰ ਸਿੰਘ ਸ੍ਰੀ ਫਤਹਿਗੜ੍ਹ ਸਾਹਿਬ, ਗੁਰਪ੍ਰੀਤ ਸਿੰਘ ਚੋਪੜਾ ਖੰਨਾ, ਦਲਜੀਤ ਸਿੰਘ ਦੁਗਰੀ ਮਾਲੇਰਕੋਟਲਾ, ਗੁਰਮੀਤ ਸਿੰਘ ਲਸੋਈ ਅਮਰਗੜ੍ਹ,ਰਜਿੰਦਰ ਸਿੰਘ ਸੰਧੂ ਫਿਲੌਰ, ਪ੍ਰਕਾਸ਼ ਸਿੰਘ ਮਾਛੀਵਾੜਾ ਸਮਰਾਲਾ ਸਮੇਤ ਹੋਰ ਵੀ ਆਗੂ ਹਾਜ਼ਰ ਸਨ।



# ਬੈਲਫਾਸਟ ਵਿੱਚ ਨਸਲੀ ਹਮਲਿਆਂ ਦੀ ਆਈ.ਡਬਲਯੂ.ਏ. (ਜੀ.ਬੀ.) ਵੱਲੋਂ ਸਖ਼ਤ ਨਿੰਦਾ, ਨਫ਼ਰਤ ਦੀ ਰਾਜਨੀਤੀ ਵਿਰੁੱਧ ਇਕੱਠੇ ਹੋਣ ਦੀ ਅਪੀਲ

ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਬੈਲਫਾਸਟ ਅਤੇ ਯੂਕੇ ਦੇ ਹੋਰ ਹਿੱਸਿਆਂ ਵਿੱਚ ਪ੍ਰਵਾਸੀਆਂ, ਸ਼ਰਨਾਰਥੀਆਂ ਅਤੇ ਘੱਟਗਿਣਤੀ ਭਾਈਚਾਰਿਆਂ ਵਿਰੁੱਧ ਹੋ ਰਹੇ ਨਸਲੀ ਹਮਲਿਆਂ, ਧਮਕੀਆਂ ਅਤੇ ਹਿੰਸਾ ਦੀ ਸਖ਼ਤ ਨਿੰਦਾ ਕਰਦੀ ਹੈ। ਬੈਲਫਾਸਟ ਵਿੱਚ ਹੋਈਆਂ ਤਾਜ਼ਾ ਘਟਨਾਵਾਂ ਦੌਰਾਨ ਘਰਾਂ ਨੂੰ ਅੱਗ ਲਗਾਈ ਗਈ, ਪਰਿਵਾਰਾਂ ਨੂੰ ਆਪਣੀ ਜਾਨ ਬਚਾਉਣ ਲਈ ਘਰ ਛੱਡਣੇ ਪਏ, ਗੱਡੀਆਂ ਅਤੇ ਬੱਸਾਂ ਨੂੰ ਸਾੜ ਦਿੱਤਾ ਗਿਆ ਅਤੇ ਜਾਇਦਾਦ ਦਾ ਭਾਰੀ ਨੁਕਸਾਨ ਹੋਇਆ। ਇਨ੍ਹਾਂ ਘਟਨਾਵਾਂ ਵਿੱਚ ਘੱਟੋ-ਘੱਟ 12 ਪੁਲਿਸ ਅਫਸਰ ਜ਼ਖ਼ਮੀ ਹੋਏ ਅਤੇ 16 ਲੋਕ ਗ੍ਰਿਫ਼ਤਾਰ ਕੀਤੇ ਗਏ। ਅਜਿਹੀਆਂ ਘਟਨਾਵਾਂ ਦਾ ਕਿਸੇ ਵੀ ਲੋਕਤੰਤਰੀ ਅਤੇ ਸੱਭਿਅਕ ਸਮਾਜ ਵਿੱਚ ਕੋਈ ਸਥਾਨ ਨਹੀਂ ਹੈ। ਕਿਸੇ ਵੀ ਅਪਰਾਧ ਦੀ ਨਿੰਦਾ ਹੋਣੀ ਚਾਹੀਦੀ ਹੈ ਅਤੇ ਕਾਨੂੰਨ ਅਨੁਸਾਰ ਕਾਰਵਾਈ ਹੋਣੀ ਚਾਹੀਦੀ ਹੈ। ਪਰ ਕਿਸੇ ਇੱਕ ਵਿਅਕਤੀ ਦੇ ਕਥਿਤ ਅਪਰਾਧ ਨੂੰ ਬਹਾਨਾ ਬਣਾ ਕੇ ਪੂਰੇ ਭਾਈਚਾਰੇ, ਧਰਮ ਜਾਂ ਨਸਲ ਨੂੰ ਨਿਸ਼ਾਨਾ ਬਣਾਉਣਾ ਬਿਲਕੁਲ ਗਲਤ ਹੈ। ਤਾਜ਼ਾ ਸਰਕਾਰੀ ਅੰਕੜਿਆਂ ਅਨੁਸਾਰ ਮਾਰਚ 2025 ਤੱਕ ਦੇ ਸਾਲ ਦੌਰਾਨ ਇੰਗਲੈਂਡ ਅਤੇ ਵੇਲਜ਼ ਵਿੱਚ 1,37,000 ਤੋਂ ਵੱਧ ਨਫ਼ਰਤੀ ਅਪਰਾਧ ਦਰਜ ਕੀਤੇ ਗਏ। ਨਸਲੀ ਨਫ਼ਰਤ ਨਾਲ ਜੁੜੇ ਅਪਰਾਧਾਂ ਵਿੱਚ 6 ਫ਼ੀਸਦੀ ਅਤੇ ਮੁਸਲਿਮ ਵਿਰੋਧੀ ਨਫ਼ਰਤੀ ਅਪਰਾਧਾਂ ਵਿੱਚ 19 ਫ਼ੀਸਦੀ ਵਾਧਾ ਹੋਇਆ। ਇੰਡੀਅਨ ਵਰਕਰਜ਼ ਐਸੋਸੀਏਸ਼ਨ (ਜੀ.ਬੀ.) ਹਿੰਦੂ, ਮੁਸਲਿਮ, ਸਿੱਖ, ਕਾਲੇ, ਏਸ਼ੀਆਈ ਅਤੇ ਹੋਰ ਘੱਟਗਿਣਤੀ ਭਾਈਚਾਰਿਆਂ ਵਿਰੁੱਧ ਵੱਧ ਰਹੇ ਨਸਲਵਾਦ ਨੂੰ ਲੈ ਕੇ ਵੀ ਗੰਭੀਰ ਚਿੰਤਾ ਪ੍ਰਗਟ ਕਰਦੀ ਹੈ। ਐਸੋਸੀਏਸ਼ਨ ਨੂੰ ਇਸ ਗੱਲ ਦੀ ਚਿੰਤਾ ਹੈ ਕਿ ਅਤਿ-ਸੱਜੇਪੱਖੀ ਅਤੇ ਫੁੱਟ ਪਾਉਣ ਵਾਲੀਆਂ ਸਿਆਸੀ ਤਾਕਤਾਂ ਅਜਿਹੀਆਂ ਦੁਖਦਾਈ ਘਟਨਾਵਾਂ ਦਾ ਫਾਇਦਾ ਚੁੱਕ ਕੇ ਲੋਕਾਂ ਵਿੱਚ ਡਰ, ਨਫ਼ਰਤ ਅਤੇ ਵੰਡ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਇਤਿਹਾਸ ਦੱਸਦਾ ਹੈ ਕਿ ਨਸਲਵਾਦ, ਫਾਸ਼ੀਵਾਦ ਅਤੇ ਨਫ਼ਰਤ ਦੀ ਰਾਜਨੀਤੀ ਨੇ ਹਮੇਸ਼ਾ ਤਬਾਹੀ ਹੀ ਲਿਆਂਦੀ ਹੈ। ਅਨੇਕਾਂ ਬੇਕਸੂਰ ਲੋਕਾਂ ਨੇ ਆਪਣੀਆਂ ਜਾਨਾਂ ਗੁਆਈਆਂ ਹਨ ਅਤੇ ਅਰਬਾਂ ਪੌਂਡ ਦੀ ਜਾਇਦਾਦ ਤਬਾਹ ਹੋਈ ਹੈ। ਇਸ ਮੌਕੇ 'ਤੇ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਨੇ ਕਿਹਾ:

"ਬ੍ਰਿਟੇਨ ਇੱਕ ਬਹੁ-ਸੱਭਿਆਚਾਰਕ ਅਤੇ ਬਹੁ-ਧਾਰਮਿਕ ਦੇਸ਼ ਹੈ। ਇਸ ਦੇਸ਼ ਦੇ ਬਹੁਤੇ ਲੋਕ ਨਸਲਵਾਦ ਅਤੇ ਵੰਡ ਦੀ ਰਾਜਨੀਤੀ ਨੂੰ ਪਸੰਦ ਨਹੀਂ ਕਰਦੇ। ਆਧੁਨਿਕ ਬ੍ਰਿਟੇਨ ਵਿੱਚ ਨਫ਼ਰਤ ਫੈਲਾਉਣ ਵਾਲਿਆਂ ਲਈ ਕੋਈ ਥਾਂ ਨਹੀਂ ਹੈ।"

"ਸਾਨੂੰ ਕਿਸੇ ਵੀ ਦੁਖਦਾਈ ਘਟਨਾ ਨੂੰ ਸਿਆਸੀ ਲਾਭ ਲਈ ਵਰਤਣ ਜਾਂ ਪੂਰੇ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਉਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ। ਪ੍ਰਵਾਸੀਆਂ, ਸ਼ਰਨਾਰਥੀਆਂ ਅਤੇ ਘੱਟਗਿਣਤੀ ਭਾਈਚਾਰਿਆਂ ਦੇ ਬਹੁਤੇ ਲੋਕ ਕਾਨੂੰਨ ਦੀ ਪਾਲਣਾ ਕਰਨ ਵਾਲੇ ਹਨ ਅਤੇ ਬ੍ਰਿਟਿਸ਼ ਸਮਾਜ ਵਿੱਚ ਅਹਿਮ ਯੋਗਦਾਨ ਪਾ ਰਹੇ ਹਨ।"

"ਇਤਿਹਾਸ ਸਾਨੂੰ ਸਿਖਾਉਂਦਾ ਹੈ ਕਿ ਨਫ਼ਰਤ, ਨਸਲਵਾਦ ਅਤੇ ਲੋਕਾਂ ਨੂੰ ਇੱਕ-ਦੂਜੇ ਦੇ ਵਿਰੁੱਧ ਖੜ੍ਹਾ ਕਰਨ ਦੀ ਰਾਜਨੀਤੀ ਨੇ ਹਮੇਸ਼ਾ ਦੁੱਖ, ਵੰਡ ਅਤੇ ਤਬਾਹੀ ਹੀ ਲਿਆਂਦੀ ਹੈ। ਅਨੇਕਾਂ ਬੇਕਸੂਰ ਲੋਕਾਂ ਦੀਆਂ ਜਾਨਾਂ ਗਈਆਂ ਹਨ ਅਤੇ ਅਰਬਾਂ ਪੌਂਡ ਦੀ ਜਾਇਦਾਦ ਤਬਾਹ ਹੋਈ ਹੈ। ਸਾਡਾ ਭਵਿੱਖ ਵੰਡ ਵਿੱਚ ਨਹੀਂ, ਸਗੋਂ ਏਕਤਾ, ਬਰਾਬਰੀ, ਆਪਸੀ ਸਤਿਕਾਰ ਅਤੇ ਸਮਾਜਿਕ ਨਿਆਂ ਵਿੱਚ ਹੈ।" ਇੰਡੀਅਨ ਵਰਕਰਜ਼ ਐਸੋਸੀਏਸ਼ਨ (ਜੀ.ਬੀ.) ਸਾਰੇ ਸ਼ਾਂਤੀਪਸੰਦ ਲੋਕਾਂ, ਟਰੇਡ ਯੂਨੀਅਨਾਂ, ਧਾਰਮਿਕ ਸੰਸਥਾਵਾਂ, ਕਮਿਊਨਿਟੀ ਜਥੇਬੰਦੀਆਂ ਅਤੇ ਲੋਕਤੰਤਰੀ ਤਾਕਤਾਂ ਨੂੰ ਅਪੀਲ ਕਰਦੀ ਹੈ ਕਿ ਉਹ ਨਸਲਵਾਦ, ਫਾਸ਼ੀਵਾਦ ਅਤੇ ਵੰਡ ਦੀ ਰਾਜਨੀਤੀ ਵਿਰੁੱਧ ਇਕੱਠੇ ਹੋਣ।

"ਇੱਕ ਉੱਤੇ ਹਮਲਾ, ਸਭ ਉੱਤੇ ਹਮਲਾ ਹੈ।"

for more news visit:
www.samajweekly.com

# ਹੋਨਵੀਰ ਰੰਧਾਵਾ ਨੇ ਸਰੀ ਦੀਆਂ ਜਨਤਕ ਥਾਵਾਂ ਤੇ ਵਾਸ਼ਰੂਮ ਬਣਾਉਣ ਦਾ ਵਾਅਦਾ ਦੁਹਰਾਇਆ

**ਵੈਨਕੂਵਰ, ਜੂਨ (ਮਲਕੀਤ ਸਿੰਘ)–** ਕੰਸਰਵੇਟਿਵ ਪਾਰਟੀ ਵੱਲੋਂ ਸਰੀ ਸਿਟੀ ਦੇ ਮੇਅਰ ਦੇ ਉਮੀਦਵਾਰ ਵਜੋਂ ਚੋਣ ਪਿੜ ਚ ਨਿਤਰੇ ਨੌਜਵਾਨ ਆਗੂ ਹੋਨਵੀਰ ਰੰਧਾਵਾ ਨੇ ਦੁਹਰਾਇਆ ਹੈ ਕਿ ਜੇਕਰ ਉਹ ਸਰੀ ਸਿਟੀ ਕੌਂਸਲ ਦੇ ਮੇਅਰ ਬਣਨ 'ਚ ਸਫਲ ਹੁੰਦੇ ਹਨ ਤਾਂ ਉਹ ਸਰੀ ਦੀਆਂ ਜਨਤਕ ਥਾਵਾਂ, ਬੱਸ ਸਟੈਂਡਾਂ, ਮੈਟਰੋ ਸਟੇਸ਼ਨਾ ਨੇੜੇ ਲੁੜੀਂਦੇ ਪਬਲਿਕ ਵਾਸ਼ਰੂਮ ਬਣਵਾਉਣ ਦਾ ਕੰਮ ਪਹਿਲ ਦੇ ਆਧਾਰ ਤੇ ਕਰਵਾਉਣਗੇ

ਇੱਥੇ ਆਯੋਜਿਤ ਇੱਕ ਪ੍ਰੈਸ ਕਾਨਫਰੰਸ ਦੌਰਾਨ ਆਪਣੇ ਵਿਚਾਰ ਪ੍ਰਗਟ ਕਰਦਿਆਂ ਉਨਾਂ ਕਿਹਾ ਕਿ ਮੇਅਰ ਬਣਨ ਮਗਰੋਂ ਉਹ ਸਰੀ ਸ਼ਹਿਰ ਵਿੱਚ ਆਏ ਦਿਨ



ਕੰਸਰਵੇਟਿਵ ਪਾਰਟੀ ਦੇ ਆਗੂ ਹੋਨਵੀਰ ਰੰਧਾਵਾ ਦੀ ਇੱਕ ਤਸਵੀਰ

ਵਾਪਰਦੀਆਂ ਗੋਲੀਬਾਰੀ ਦੀਆਂ ਘਟਨਾਵਾਂ ਨੂੰ ਠੱਲ ਪਾਉਣ ਲਈ ਲੋੜੀਂਦੇ ਕਦਮ ਚੁੱਕਣ ਦੇ ਨਾਲ ਨਾਲ ਸ਼ਹਿਰ ਵਾਸੀਆਂ ਦੀਆਂ ਮੁਢਲੀਆਂ ਔਂਕੜਾਂ ਨੂੰ ਹੱਲ ਕਰਵਾਉਣ ਦਾ ਯਤਨ ਵੀ ਕਰਨਗੇ ਉਨਾਂ ਇਹ ਵੀ ਕਿਹਾ ਕਿ ਉਹ ਅਕਸਰ ਹੀ ਪਾਰਕਾਂ ਚ ਜਾਂ ਹੋਰ ਜਨਤਕ ਥਾਵਾਂ ਤੇ ਬਜ਼ੁਰਗਾਂ ਅਤੇ ਆਮ ਲੋਕਾਂ ਨੂੰ ਵਾਸ਼ਰੂਮਾਂ ਦੀ ਘਾਟ ਕਾਰਨ ਪੇਸ਼ ਆਉਂਦੀਆਂ ਦਿੱਕਤਾਂ ਤੋਂ ਚੰਗੀ ਤਰ੍ਹਾਂ ਜਾਣੂ ਹਨ ਅਤੇ ਇਸ ਸਮੱਸਿਆ ਦੇ ਹੱਲ ਲਈ ਉਨਾਂ ਨੇ ਆਪਣੇ ਸਾਥੀ ਆਗੂਆਂ ਨਾਲ ਵੀ ਵਿਚਾਰ ਚਰਚਾ ਕੀਤੀ ਹੈ ਉਹਨਾਂ ਅੱਗੇ ਕਿਹਾ ਕਿ ਵਾਸ਼ਰੂਮਾਂ ਦੀ ਘਾਟ ਕਾਰਨ ਬਹੁਗਿਣਤੀ ਬਜ਼ੁਰਗ ਪਬਲਿਕ ਥਾਵਾਂ ਤੇ ਜਾਣ ਜਾਂ ਸਫਰ ਕਰਨ ਤੋਂ ਮਜਬੂਰੀਵਸ ਝਿਜਕਦੇ ਹਨ ਪ੍ਰੰਤੂ ਮੌਜੂਦਾ ਸਰੀ ਸਿਟੀ ਕੌਂਸਲ ਵੱਲੋਂ ਉਹਨਾਂ ਦੀ ਇਸ ਮੁਸ਼ਕਿਲ ਨੂੰ ਹੱਲ ਕਰਵਾਉਣ ਦਾ ਕੋਈ ਧਿਆਨ ਨਹੀਂ ਦਿੱਤਾ ਗਿਆ ਜਦੋਂ ਕਿ ਕੰਸਰਵੇਟਿਵ ਪਾਰਟੀ ਇਸ ਸਾਂਝੀ ਜਨਤਕ ਸਮੱਸਿਆ ਨੂੰ ਪਹਿਲ ਦੇ ਅਧਾਰ ਤੇ ਹੱਲ ਕਰਵਾਉਣ ਦੀ ਕੋਸ਼ਿਸ਼ ਕਰੇਗੀ ਇਸ ਮੌਕੇ ਤੇ ਕੌਂਸਲਰ ਉਮੀਦਵਾਰ ਰਿਕੀ ਬਾਜਵਾ ਸਮੇਤ ਹੋਰ ਸਮਰਥਕ ਵੀ ਹਾਜ਼ਰ ਸਨ।

# ਐਬਸਫੋਰਡ ਚ ਵਿਰਸੇ ਦਾ ਮੇਲਾ 4 ਜੁਲਾਈ ਨੂੰ- ਤਿਆਰੀਆਂ ਮੁਕੰਮਲ

**ਵੈਨਕੂਵਰ, ਜੂਨ (ਮਲਕੀਤ ਸਿੰਘ)– ਪੰਜਾਬੀ** ਸੱਭਿਆਚਾਰ ਨੂੰ ਵਿਦੇਸ਼ਾਂ ਦੀ ਧਰਤੀ ਤੇ ਪਸਾਰਨ ਲਈ ਯਤਨਸ਼ੀਲ ਵਿਰਸਾ ਫਾਉਂਡੇਸ਼ਨ ਵੱਲੋਂ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਐਤਕੀ ਮੀਹ 10ਵਾਂ ਸਲਾਨਾ ਮੇਲਾ ਵਿਰਸੇ ਦਾ 4 ਜੁਲਾਈ ਨੂੰ ਦੁਪਹਿਰ 12 ਵਜੇ ਤੋਂ ਸ਼ਾਮੀ 6 ਵਜੇ ਤੱਕ ਏ ਜੀ ਰਿਕ ਸੈਂਟਰ ਐਬਸਫੋਰਡ ਵਿੱਚ ਕਰਵਾਇਆ ਜਾ ਰਿਹਾ ਹੈ ਇਸ ਸਬੰਧੀ ਵਿਸਥਾਰਤ ਜਾਣਕਾਰੀ ਦਿੰਦਿਆਂ ਧਰਮਵੀਰ




ਮੇਲਾ ਵਿਰਸੇ ਦਾ ਦਾ ਇੱਕ ਪੋਸਟਰ

ਧਾਲੀਵਾਲ, ਦਵਿੰਦਰ ਬਚਰਾ, ਮਨਜੀਤ ਥਿੰਦ ਅਤੇ ਬਲਜਿੰਦਰ ਸੰਧੂ ਨੇ ਸਾਂਝੇ ਤੌਰ ਤੇ ਦੱਸਿਆ ਕਿ ਇਸ ਮੇਲੇ ਵਿੱਚ ਪੰਜਾਬ ਦੇ ਪ੍ਰਸਿੱਧ ਕਲਾਕਾਰ ਅਮਨ ਰੋਜੀ, ਅਨਮੋਲ ਰਤਨ, ਰਮਨ ਸੰਧੂ, ਜਿੰਦਰ ਸੈਣੀ,ਗੁਰਦੇਵ ਕੌਰ, ਏਕਨੂਰ ਤੇ ਅਨਮੋਲ ਰਤਨ ਦੀ ਭੰਗੜਾ ਟੀਮ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਕੇ ਦਰਸ਼ਕਾਂ ਦਾ ਮਨੋਰੰਜਨ ਕਰਨਗੇ । ਇਸ ਮੇਲੇ ਵਿੱਚ ਕੈਲਗਰੀ ਤੋਂ ਡਾ ਬਲਵਿੰਦਰ ਕੌਰ ਬਰਾੜ ਅਤੇ ਇੰਗਲੈਂਡ ਤੋਂ ਦਿਵਦੀਪ ਕੌਰ ਬਰਾੜ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਨਗੇ।

# ਕ੍ਰਿਸ਼ਨ ਕੁਮਾਰ ਬਾਵਾ ਦੀ ਰਾਜੇਸ਼ ਪਾਇਲਟ ਨਾਲ ਅਭੁੱਲ ਯਾਦ

ਭਾਰਤ ਦੇ ਮਹਾਨ ਸਪੂਤ ਰਾਜੇਸ਼ ਪਾਇਲਟ ਜੋ ਏਅਰਫੋਰਸ ਦੀ ਸਰਵਿਸ ਤੋਂ ਬਾਅਦ ਭਾਰਤ ਦੇ ਗ੍ਰਹਿ ਮੰਤਰੀ, ਸੰਚਾਰ ਮੰਤਰੀ ਅਤੇ ਹੋਰ ਉੱਚ ਅਹੁਦਿਆਂ 'ਤੇ ਕਾਂਗਰਸ ਪਾਰਟੀ ਵਿੱਚ ਰਹੇ। ਅੱਜ ਅਸੀਂ ਉਹਨਾਂ ਨੂੰ ਯਾਦ ਕਰ ਰਹੇ ਹਾਂ ਜਿਨ੍ਹਾਂ ਨੇ ਹਮੇਸ਼ਾਂ ਵਰਕਰਾਂ ਨੂੰ ਗਲਵੱਕੜੀ ਵਿੱਚ ਲਿਆ। ਮੈਨੂੰ ਯਾਦ ਹੈ ਕਿ ਮੈਂ ਉਹਨਾਂ ਨੂੰ 1987 ਦੇ ਕਰੀਬ ਮਿਲਿਆ ਅਤੇ 1997 ਵਿੱਚ ਕੈਪਟਨ ਅਮਰਿੰਦਰ ਸਿੰਘ ਦੇ ਪੰਜਾਬ ਕਾਂਗਰਸ ਦੇ ਪ੍ਰਧਾਨ ਬਣਨ 'ਤੇ ਮੈਨੂੰ ਪ੍ਰਦੇਸ਼ ਕਾਂਗਰਸ ਦਾ ਸਕੱਤਰ ਬਣਵਾਇਆ। ਜਦੋਂ ਮੈਂ ਅਤੇ ਪਵਨ ਦੀਵਾਨ ਉਹਨਾਂ ਨੂੰ ਮਿਲਣ ਗਏ ਤਾਂ ਮੇਰੇ ਹੱਥ 'ਤੇ ਖਾਜ ਕਰਦੇ ਹੋਏ ਉਨ੍ਹਾਂ ਮੈਨੂੰ ਕਿਹਾ "ਭਾਗੋ ਯਹਾਂ ਕਿਆ ਕਰ ਰਹੇ ਹੋ" ਤਾਂ ਮੈਂ ਪਵਨ ਨੂੰ ਕਿਹਾ ਕਿ ਅੱਜ ਲਿਸਟ ਨਿਕਲਣੀ ਹੈ। ਆਪਾਂ ਕੁਝ ਬਣ ਗਏ। ਉਸਨੇ ਕਿਹਾ ਕਿਵੇਂ। ਮੈਂ ਕਿਹਾ ਕਿ ਹੱਥ 'ਤੇ ਖਾਜ ਕਰਨ ਦਾ ਪਾਇਲਟ ਜੀ ਦਾ ਇਸ਼ਾਰਾ ਸੀ।

ਮੈਨੂੰ ਯਾਦ ਹੈ ਜਦੋਂ ਸੰਤ ਰਾਮ ਸਿੰਗਲਾ ਪਟਿਆਲਾ ਤੋਂ ਪਾਰਲੀਮੈਂਟ ਦੀ ਚੋਣ ਲੜੇ ਤਾਂ ਪਾਇਲਟ ਸਾਹਿਬ ਪਟਿਆਲਾ ਆਏ। ਟਰੇਨ ਵਿੱਚ ਜਾਣਾ ਸੀ। ਮੇਰੀ ਗੱਡੀ ਵਿਚ ਸੁਖਵਿੰਦਰ ਸਿੰਘ ਡਰਾਈਵਰ ਉਹਨਾਂ ਨੂੰ ਛੱਡਣ ਲਈ ਗਿਆ। ਰਸਤੇ ਵਿੱਚ ਗੱਡੀ ਪੈਂਚਰ ਹੋ ਗਈ। ਉਹਨਾਂ ਸੁਖਵਿੰਦਰ ਨਾਲ ਮੱਦਦ ਕਰਕੇ ਟਾਇਰ ਬਦਲਾਇਆ ਅਤੇ ਜਾਣ ਸਮੇਂ ਸੁਖਵਿੰਦਰ ਨੂੰ 200 ਰੁਪਏ ਦਿੱਤੇ। ਜੋ ਸੁਖਵਿੰਦਰ ਨੇ ਕਦੇ ਨਹੀਂ ਖਰਚੇ। ਮੈਂ ਸਾਥੀਆਂ ਸਮੇਤ ਉਹਨਾਂ ਵੱਲੋਂ ਲੜੀਆਂ ਚੋਣਾਂ ਸਮੇਂ ਰਾਜਸਥਾਨ ਕਈ ਵਾਰ ਗਿਆ। ਉਹ ਇੱਕ ਦਿਨ ਵਿੱਚ 40 ਪਿੰਡਾਂ ਵਿੱਚ ਦਸਤਕ ਦੇ ਦਿੰਦੇ ਸੀ। ਲੋਕ ਪਗੜੀ ਪਹਿਨਾ ਕੇ ਉਹਨਾਂ ਦਾ ਸਵਾਗਤ ਕਰਦੇ। ਕਈ ਪਿੰਡਾਂ



ਵਿੱਚ ਉਹ ਮੇਰੇ ਸਿਰ 'ਤੇ ਪਗੜੀ ਬੰਨਵਾ ਦਿੰਦੇ। ਮੈਂ ਵੇਖਿਆ ਉਨ੍ਹਾਂ ਦਾ ਭਾਸ਼ਣ ਪਿੰਡਾਂ ਵਾਲਿਆਂ ਲਈ ਹਿਸਾਬ ਕਰਨ ਵਾਂਗ ਹੁੰਦਾ ਸੀ। ਉਹ ਕਹਿੰਦੇ ਸੀ ਕਿ ਤੁਹਾਡੀਆਂ ਸੱਤ ਮੰਗਾਂ ਸਨ, ਮੈਂ ਪੰਜ ਪੂਰੀਆਂ ਕਰ ਦਿੱਤੀਆਂ, ਦੋ ਬਾਕੀ ਰਹਿ ਗਈਆਂ। ਮੁਖੀਆ ਜੀ ਨੇ ਚਾਰ ਅੱਗੇ ਔਰ ਰੱਖ ਦੀ ਹੈ। ਅਬ ਆਪਕੀ ਛੇ ਮਾਂਗੇ ਮੇਰੀ ਔਰ ਹੈ। ਜੀਤਨੇ ਕੇ ਬਾਅਦ ਪੂਰੀ ਕਰੂੰਗਾ। ਕਿਰਪਾ ਕਰਨਾ।

ਇੱਕ ਵਾਰ ਪਾਇਲਟ ਸਾਹਿਬ ਨੂੰ ਬੈਰਾਗੀ ਮਹਾਂਮੰਡਲ ਦੇ ਸਮਾਗਮ 'ਤੇ ਬੁਲਾਇਆ। ਸੈਂਕੜੇ ਗੱਡੀਆਂ ਸਾਹਨੇਵਾਲ ਹਵਾਈ ਅੱਡੇ 'ਤੇ ਪਹੁੰਚ ਗਈਆਂ ਪਰ ਪਾਇਲਟ ਸਾਹਿਬ ਜਹਾਜ਼ ਵਿੱਚ ਬੈਠ ਗਏ। ਜਹਾਜ ਨੇ ਉਡਾਨ ਭਰੀ ਪਰ ਉਸ ਸਮੇਂ ਦੇ ਪ੍ਰਧਾਨ ਮੰਤਰੀ ਸ਼੍ਰੀ ਦੇਵਗੌੜਾ ਦਾ ਮੈਸੇਜ ਆ ਗਿਆ ਕਿ ਪਾਇਲਟ ਦਿੱਲੀ ਮਤ ਛੋੜਨਾ। ਉਸ ਸਮੇਂ ਸਿਆਸੀ ਖਿੱਚੋਤਾਣ ਚੱਲ ਰਹੀ ਸੀ ਤਾਂ ਜਹਾਜ਼ ਵਾਪਸ ਉਤਰ ਗਿਆ। ਲੁਧਿਆਣਾ ਦੇ ਉਦਯੋਗਪਤੀ ਰਾਜਸੋਨੀ ਦਾ ਜਹਾਜ਼ ਸੀ। ਮੈਂ ਸੋਚ ਰਿਹਾ ਸੀ ਕਿ ਪਾਇਲਟ ਸਾਹਿਬ ਵੀ ਨਹੀਂ ਆ ਸਕੇ ਅਤੇ ਜਹਾਜ਼ ਦਾ ਕਿਰਾਇਆ ਵੀ 80 ਹਜ਼ਾਰ ਦੇਣਾ ਪੈਣਾ। ਜਦੋਂ ਜਹਾਜ਼ ਖਾਲੀ ਵਾਪਸ ਆਇਆ ਤਾਂ ਮੈਂ 80 ਹਜ਼ਾਰ ਰੁਪਏ ਦੇਣ ਲੱਗਿਆ ਤਾਂ ਉਹਨਾਂ ਕਿਹਾ ਕਿ ਸਿਰਫ਼ 12 ਹਜ਼ਾਰ ਦਿਓ। ਇਨਾ ਹੀ ਕੰਮ ਕੀਤਾ ਹੈ। ਜੇ ਜਹਾਜ਼ ਪਾਇਲਟ ਸਾਹਿਬ ਨੂੰ ਲੈ ਕੇ ਆਉਂਦਾ ਅਤੇ ਛੱਡਦਾ ਤਦ ਹੀ 80 ਹਜ਼ਾਰ ਲੈਣੇ ਸਨ।ਫਿਰ ਇੱਕ ਵਾਰ ਧੀਆਂ ਦੇ ਲੋਹੜੀ ਮੇਲੇ 'ਤੇ ਪਾਇਲਟ ਸਾਹਿਬ ਨੂੰ ਸੱਦਿਆ ਤਾਂ ਪਾਇਲਟ ਸਾਹਿਬ ਆਏ ਅਤੇ ਪੰਜਾਬੀਆਂ ਦਾ ਮਾਣ ਮਹਾਨ ਲੇਖਕ ਸੰਤ ਸਿੰਘ ਸੇਖੋਂ, ਜਗਦੇਵ ਸਿੰਘ ਜੱਸੋਵਾਲ ਅਤੇ ਮਾਲਵਾ ਸੱਭਿਆਚਾਰਕ ਮੰਚ ਦੀ ਟੀਮ ਨਾਲ ਭੰਗੜਾ ਪਾਇਆ। ਇਸ ਸਮੇਂ ਜੱਸੋਵਾਲ ਨੇ ਮਾਲਟਾ ਕਿਸ਼ਤੀ ਕਾਂਡ ਵਿੱਚ ਮਾਰੇ ਗਏ ਪੰਜਾਬੀ ਨੌਜਵਾਨਾਂ ਦੀ ਮੌਤ ਦੀ ਸੀ.ਬੀ.ਆਈ ਜਾਂਚ ਦੀ ਮੰਗ ਪਾਇਲਟ ਸਾਹਿਬ ਤੋਂ ਕੀਤੀ ਤਾਂ ਉਹਨਾਂ ਭਰੋਸਾ ਦਿਵਾਇਆ ਕਿ ਕੱਲ੍ਹ ਹੀ ਪ੍ਰਧਾਨ ਮੰਤਰੀ ਨੂੰ ਮਿਲ ਕੇ ਸੀ.ਬੀ.ਆਈ ਜਾਂਚ ਦੇ ਹੁਕਮ ਜਾਰੀ ਕਰਵਾਉਣਗੇ। ਦੂਸਰੇ ਦਿਨ ਮੈਨੂੰ ਫੋਨ ਆਇਆ ਕਿ ਜੋ ਕੱਲ ਬਾਬਾ ਜੀ (ਜੱਸੋਵਾਲ) ਨੇ ਸੀ.ਬੀ.ਆਈ ਜਾਂਚ ਕੇ ਲੀਏ ਲੈਟਰ ਦਿਆ ਥਾ, ਵੋ ਮੈਨੇ ਪ੍ਰਧਾਨ ਮੰਤਰੀ ਸੇ ਆਰਡਰ ਕਰਵਾ ਦਈਏ ਹੈ। ਇਹ ਸਨ ਰਜੇਸ਼ ਪਾਇਲਟ ਜੋ ਸਚਾਈ, ਸਪਸ਼ਟਤਾ, ਸਾਦਗੀ ਨਾਲ ਕੰਮ ਕਰਨ ਦੇ ਵਿੱਚ ਵਿਸ਼ਵਾਸ ਰੱਖਦੇ ਸਨ। ਉਹਨਾਂ ਦਾ ਕੈਪਟਨ ਅਮਰਿੰਦਰ ਸਿੰਘ, ਸੰਤ ਰਾਮ ਸਿੰਗਲਾ, ਗੁਰਚਰਨ ਸਿੰਘ ਗਾਲਿਬ ਨਾਲ ਗੂੜਾ ਰਿਸ਼ਤਾ ਸੀ। ਉਹਨਾਂ ਦਾ ਸਪੁੱਤਰ ਸਚਿਨ ਪਾਇਲਟ ਅੱਜ ਉਹਨਾਂ ਦੇ ਦਰਸਾਏ ਰਸਤੇ 'ਤੇ ਚੱਲ ਕੇ ਪਾਰਟੀ ਅਤੇ ਸਮਾਜ ਵਿੱਚ ਵੱਡੀ ਸੇਵਾ ਕਰ ਰਿਹਾ ਹੈ।

**ਤੁਹਾਡਾ**
**ਆਪਣਾ**
**ਕ੍ਰਿਸ਼ਨ ਕੁਮਾਰ ਬਾਵਾ**
**98159-09211**

**ਰਾਹੀਂ : ਕਰਨੈਲ ਸਿੰਘ**
**ਐੱਮ.ਏ.ਲੁਧਿਆਣਾ**

# ਜੇਕਰ ਰੁੱਖ ਆਕਸੀਜਨ ਦੀ ਥਾਂ ਵਾਈ ਫਾਈ ਇੰਟਰਨੈੱਟ ਦਿੰਦੇ ਹੁੰਦੇ..

ਅੱਜ ਦੇ ਵਿਗਿਆਨਕ ਅਤੇ ਡਿਜੀਟਲ ਯੁੱਗ ਵਿੱਚ ਮਨੁੱਖ ਦੀਆਂ ਲੋੜਾਂ ਬਹੁਤ ਤੇਜ਼ੀ ਨਾਲ ਬਦਲ ਰਹੀਆਂ ਹਨ। ਇੱਕ ਸਮਾਂ ਸੀ ਜਦੋਂ ਮਨੁੱਖ ਦੀਆਂ ਮੁਢਲੀਆਂ ਲੋੜਾਂ ਰੋਟੀ, ਕੱਪੜਾ ਅਤੇ ਮਕਾਨ ਤੱਕ ਸੀਮਤ ਸਨ, ਪਰ ਅੱਜ ਦੇ ਦੌਰ ਵਿੱਚ ਇਸ ਸੂਚੀ ਵਿੱਚ ਇੰਟਰਨੈੱਟ ਸਭ ਤੋਂ ਉੱਪਰ ਆ ਚੁੱਕਾ ਹੈ। ਸੋਸ਼ਲ ਮੀਡੀਆ 'ਤੇ ਅਕਸਰ ਇੱਕ ਵਿਅੰਗਮਈ ਕਹਾਵਤ ਪੜ੍ਹਨ ਨੂੰ ਮਿਲਦੀ ਹੈ ਕਿ ਜੇਕਰ ਦਰਖਤ ਆਕਸੀਜਨ ਦੀ ਥਾਂ ਵਾਈ-ਫਾਈ ਇੰਟਰਨੈੱਟ ਛੱਡਦੇ ਹੁੰਦੇ, ਤਾਂ ਸ਼ਾਇਦ ਆਪਾਂ ਹਰ ਘਰ ਅਤੇ ਹਰ ਕਮਰੇ ਵਿੱਚ ਦਰਖ਼ਤ ਲਗਾ ਲੈਂਦੇ। ਇਹ ਗੱਲ ਸੁਣਨ ਵਿੱਚ ਭਾਵੇਂ ਹਾਸੋਹੀਣੀ ਲੱਗਦੀ ਹੈ, ਪਰ ਇਸਦੇ ਪਿੱਛੇ ਛੁਪਿਆ ਵਿਅੰਗ ਅੱਜ ਦੇ ਸਮਾਜ ਦੀ ਇੱਕ ਬਹੁਤ ਹੀ ਕੌੜੀ ਅਤੇ ਚਿੰਤਾਜਨਕ ਸੱਚਾਈ ਨੂੰ ਬਿਆਨ ਕਰਦਾ ਹੈ। ਇਹ ਲਾਈਨ ਸਾਡੀ ਉਸ ਮਾਨਸਿਕਤਾ 'ਤੇ ਸਿੱਧੀ ਸੱਟ ਮਾਰਦੀ ਹੈ ਜਿਸ ਦੇ ਤਹਿਤ ਅਸੀਂ ਕੁਦਰਤੀ ਨਿਆਮਤਾਂ ਨੂੰ ਛੱਡ ਕੇ ਮਸ਼ੀਨੀ ਚੀਜ਼ਾਂ ਦੇ ਗੁਲਾਮ ਬਣਦੇ ਜਾ ਰਹੇ ਹਾਂ।

ਜੇਕਰ ਅਸੀਂ ਅੱਜ ਦੇ ਰੁਝੇਵਿਆਂ ਭਰੇ ਜੀਵਨ ਵੱਲ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਇੰਟਰਨੈੱਟ ਸਾਡੀ ਜ਼ਿੰਦਗੀ ਦਾ ਇੱਕ ਅਟੁੱਟ ਅੰਗ ਬਣ ਚੁੱਕਾ ਹੈ। ਸਵੇਰੇ ਉੱਠਣ ਤੋਂ ਲੈ ਕੇ ਰਾਤ ਨੂੰ ਸੌਣ ਤੱਕ, ਮਨੁੱਖ ਦਾ ਜ਼ਿਆਦਾਤਰ ਸਮਾਂ ਮੋਬਾਈਲ ਜਾਂ ਕੰਪਿਊਟਰ ਦੀ ਸਕ੍ਰੀਨ 'ਤੇ ਹੀ ਲੰਘਦਾ ਹੈ। ਜੇਕਰ ਕਿਸੇ ਕਾਰਨ ਕਰਕੇ ਘਰ ਦਾ ਇੰਟਰਨੈੱਟ ਕੁਝ ਮਿੰਟਾਂ ਲਈ ਵੀ ਬੰਦ ਹੋ ਜਾਵੇ ਤਾਂ ਇਸ ਤਰ੍ਹਾਂ ਲਗਦਾ ਹੈ ਜਿਵੇਂ ਪੂਰੀ ਦੁਨੀਆ ਦੀ ਰਫ਼ਤਾਰ ਹੀ ਰੁਕ ਗਈ ਹੋਵੇ। ਲੋਕ ਮੁਫ਼ਤ ਇੰਟਰਨੈੱਟ ਸਿਗਨਲ ਦੀ ਭਾਲ ਵਿੱਚ ਕਿਤੇ ਵੀ ਜਾਣ ਨੂੰ ਤਿਆਰ ਹੋ ਜਾਂਦੇ ਹਨ ਜਾਂ ਹੋਰਨਾਂ ਜਨਤਕ ਥਾਵਾਂ ਵੱਲ ਦੌੜਦੇ ਹਨ। ਦੂਜੇ ਪਾਸੇ, ਕੁਦਰਤ ਸਾਨੂੰ ਬਿਨਾਂ ਕਿਸੇ ਭੇਦਭਾਵ ਅਤੇ ਬਿਨਾਂ ਕਿਸੇ ਕੀਮਤ ਦੇ ਸਾਫ਼ ਹਵਾ ਅਤੇ ਆਕਸੀਜਨ ਪ੍ਰਦਾਨ ਕਰ ਰਹੀ ਹੈ, ਜਿਸ ਤੋਂ ਬਿਨਾਂ ਮਨੁੱਖ ਕੁਝ ਮਿੰਟ ਵੀ ਜਿਉਂਦਾ ਨਹੀਂ ਰਹਿ ਸਕਦਾ। ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਅਸੀਂ ਇਸ ਮੁਫ਼ਤ ਦੀ ਆਕਸੀਜਨ ਦੀ ਕਦਰ ਕਰਨ ਦੀ ਬਜਾਏ ਲਗਾਤਾਰ ਜੰਗਲਾਂ ਨੂੰ ਕੱਟ ਰਹੇ ਹਾਂ ਅਤੇ ਹਰਿਆਵਲ ਨੂੰ ਖ਼ਤਮ ਕਰਦੇ ਜਾ ਰਹੇ ਹਾਂ।

ਕਲਪਨਾ ਕਰੋ ਕਿ ਜੇਕਰ ਕੁਦਰਤ ਦਾ ਨਿਯਮ ਸੱਚਮੁੱਚ ਬਦਲ ਜਾਂਦਾ ਅਤੇ ਰੁੱਖਾਂ ਵਿੱਚੋਂ ਆਕਸੀਜਨ ਦੀ ਬਜਾਏ ਹਾਈ-ਸਪੀਡ ਇੰਟਰਨੈੱਟ ਦੇ ਸਿਗਨਲ ਨਿਕਲਣ ਲੱਗ ਪੈਂਦੇ ਤਾਂ ਅੱਜ ਸਾਡੀ ਧਰਤੀ ਦਾ ਨਜ਼ਾਰਾ ਬਿਲਕੁਲ ਵੱਖਰਾ ਹੁੰਦਾ। ਫਿਰ ਸਰਕਾਰਾਂ ਜਾਂ ਸਮਾਜ ਸੇਵੀ ਸੰਸਥਾਵਾਂ ਨੂੰ ਲੋਕਾਂ ਨੂੰ ਰੁੱਖ ਲਗਾਉਣ ਲਈ ਪ੍ਰੇਰਿਤ ਨਹੀਂ ਕਰਨਾ ਪੈਣਾ ਸੀ ਅਤੇ ਨਾ ਹੀ ਵਾਤਾਵਰਣ ਦਿਵਸ ਮਨਾਉਣ ਦੀ ਲੋੜ ਪੈਣੀ ਸੀ। ਲੋਕ ਵਧੀਆ ਨੈੱਟਵਰਕ ਅਤੇ ਤੇਜ਼ ਇੰਟਰਨੈੱਟ ਸਪੀਡ ਦੇ ਲਾਲਚ ਵਿੱਚ ਆਪਣੇ ਘਰਾਂ ਦੇ ਵਿਹੜਿਆਂ, ਛੱਤਾਂ, ਬਾਲਕੋਨੀਆਂ ਅਤੇ ਇੱਥੋਂ ਤੱਕ ਕਿ ਆਪਣੇ ਕਮਰਿਆਂ ਦੇ ਅੰਦਰ ਵੀ ਰੁੱਖਾਂ ਦੇ ਗਮਲੇ ਸਜਾ ਲੈਂਦੇ। ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ, ਪਰਿਵਾਰ ਦਾ ਹਰ ਮੈਂਬਰ ਰੁੱਖਾਂ ਦੀ ਦੇਖਭਾਲ ਕਰਦਾ ਅਤੇ ਉਹਨਾਂ ਨੂੰ ਰੋਜ਼ਾਨਾ ਸਮੇਂ ਸਿਰ ਪਾਣੀ ਦਿੰਦਾ ਤਾਂ ਜੋ ਇੰਟਰਨੈੱਟ ਦੇ ਸਿਗਨਲ ਕਦੇ ਕਮਜ਼ੋਰ ਨਾ ਹੋਣ। ਦਰਖ਼ਤਾਂ ਨੂੰ ਕੱਟਣਾ ਦੁਨੀਆ ਦਾ ਸਭ ਤੋਂ ਵੱਡਾ ਅਪਰਾਧ ਮੰਨਿਆ ਜਾਂਦਾ, ਕਿਉਂਕਿ ਇੱਕ ਰੁੱਖ ਕੱਟਣ ਦਾ ਮਤਲਬ ਹੁੰਦਾ ਪੂਰੇ ਇਲਾਕੇ ਦਾ ਸੰਪਰਕ ਸੰਸਾਰ ਨਾਲੋਂ ਟੁੱਟ ਜਾਣਾ। ਪਰ ਇਸ ਕਾਲਪਨਿਕ ਸੋਚ ਦੇ ਦੂਜੇ ਪਾਸੇ ਇੱਕ ਬਹੁਤ ਹੀ ਖ਼ਤਰਨਾਕ ਹਕੀਕਤ ਛੁਪੀ ਹੋਈ ਹੈ। ਸਾਨੂੰ ਇਹ ਗੱਲ ਗੰਭੀਰਤਾ ਨਾਲ ਸੋਚਣੀ ਪਵੇਗੀ ਕਿ ਮਨੁੱਖ ਨੂੰ ਜ਼ਿੰਦਾ ਰਹਿਣ ਲਈ ਕਿਸੇ ਡਿਜੀਟਲ ਸਕ੍ਰੀਨ ਦੀ ਨਹੀਂ, ਬਲਕਿ ਚੱਲਦੇ ਸਾਹਾਂ ਦੀ ਲੋੜ ਹੁੰਦੀ ਹੈ। ਅਸੀਂ ਇੰਟਰਨੈੱਟ ਜਾਂ ਤਕਨਾਲੋਜੀ ਤੋਂ ਬਿਨਾਂ ਆਪਣੀ ਜ਼ਿੰਦਗੀ ਬਤੀਤ ਕਰ ਸਕਦੇ ਹਾਂ, ਪਰ ਆਕਸੀਜਨ ਤੋਂ ਬਿਨਾਂ ਜੀਵਨ ਦੀ ਕਲਪਨਾ ਵੀ ਅਸੰਭਵ ਹੈ। ਕੁਝ ਸਮਾਂ ਪਹਿਲਾਂ ਜਦੋਂ ਦੇਸ਼ ਵਿੱਚ ਮਹਾਂਮਾਰੀ ਦੇ ਦੌਰ ਦੌਰਾਨ ਹਸਪਤਾਲਾਂ ਵਿੱਚ ਆਕਸੀਜਨ ਦੀ ਕਮੀ ਹੋ ਗਈ ਸੀ, ਉਦੋਂ ਲੋਕਾਂ ਨੂੰ ਸਾਹ ਲੈਣ ਲਈ ਇੱਕ-ਇੱਕ ਸਿਲੰਡਰ ਵਾਸਤੇ ਲੱਖਾਂ ਰੁਪਏ ਖਰਚਣੇ ਪਏ ਸਨ। ਉਸ ਸਮੇਂ ਸਾਨੂੰ ਕੁਦਰਤ ਦੇ ਇਸ ਅਨਮੋਲ ਤੋਹਫ਼ੇ ਦੀ ਅਸਲ ਕੀਮਤ ਦਾ ਅਹਿਸਾਸ ਹੋਇਆ ਸੀ। ਪਰ ਜਿਵੇਂ ਹੀ ਹਾਲਾਤ ਸੁਧਰੇ, ਅਸੀਂ ਫਿਰ ਤੋਂ ਉਸੇ ਲਾਪਰਵਾਹੀ ਦੇ ਰਾਹ ਪੈ ਗਏ। ਅੱਜ ਗਲੋਬਲ ਵਾਰਮਿੰਗ, ਪ੍ਰਦੂਸ਼ਣ ਅਤੇ ਮੌਸਮ ਵਿੱਚ ਆ ਰਹੇ ਅਚਾਨਕ ਬਦਲਾਅ ਵਰਗੀਆਂ ਸਮੱਸਿਆਵਾਂ ਸਾਡੇ ਸਾਹਮਣੇ ਚੁਣੌਤੀ ਬਣ ਕੇ ਖੜ੍ਹੀਆਂ ਹਨ, ਜੋ ਕਿ ਸਿਰਫ਼ ਰੁੱਖਾਂ ਦੀ ਘਾਟ ਕਾਰਨ ਪੈਦਾ ਹੋਈਆਂ ਹਨ।

ਇਹ ਵਿਅੰਗਮਈ ਵਿਚਾਰ ਸਾਨੂੰ ਸਿਰਫ਼ ਹਸਾਉਣ ਲਈ ਨਹੀਂ ਹੈ, ਬਲਕਿ ਇਹ ਸਾਡੀ ਸੋਚ ਨੂੰ ਇੱਕ ਨਵੀਂ ਦਿਸ਼ਾ ਦੇਣ ਅਤੇ ਸਾਨੂੰ ਜਗਾਉਣ ਲਈ ਹੈ। ਜੇਕਰ ਅਸੀਂ ਮਸ਼ੀਨਾਂ ਅਤੇ ਨੈੱਟਵਰਕ ਦੇ ਮੋਹ ਵਿੱਚ ਇੰਨੇ ਅੰਨ੍ਹੇ ਹੋ ਗਏ ਹਾਂ ਕਿ ਸਾਨੂੰ ਆਪਣੀ ਹੋਂਦ ਨੂੰ ਬਚਾਉਣ ਵਾਲੇ ਰੁੱਖਾਂ ਦੀ ਕੀਮਤ ਨਜ਼ਰ ਨਹੀਂ ਆ ਰਹੀ, ਤਾਂ ਇਹ ਸਾਡੀ ਸਭ ਤੋਂ ਵੱਡੀ ਨਾਕਾਮੀ ਹੈ। ਸਾਨੂੰ ਇਹ ਸਮਝਣਾ ਪਵੇਗਾ ਕਿ ਜੇਕਰ ਧਰਤੀ 'ਤੇ ਦਰਖ਼ਤ ਹੀ ਨਾ ਰਹੇ, ਤਾਂ ਨਾ ਹੀ ਮਨੁੱਖੀ ਸਭਿਅਤਾ ਬਚੇਗੀ ਅਤੇ ਨਾ ਹੀ ਮਨੁੱਖ ਦੁਆਰਾ ਬਣਾਇਆ ਗਿਆ ਇੰਟਰਨੈੱਟ। ਸਾਨੂੰ ਆਪਣੀ ਸੋਚ ਨੂੰ ਬਦਲਣ ਦੀ ਲੋੜ ਹੈ। ਜੇਕਰ ਅਸੀਂ ਮਨੋਰੰਜਨ ਜਾਂ ਸੋਸ਼ਲ ਮੀਡੀਆ ਲਈ ਐਨਾ ਸਮਾਂ ਅਤੇ ਪੈਸਾ ਬਰਬਾਦ ਕਰ ਸਕਦੇ ਹਾਂ, ਤਾਂ ਸਾਨੂੰ ਆਪਣੇ ਅਤੇ ਆਪਣੇ ਬੱਚਿਆਂ ਦੇ ਸੁਰੱਖਿਅਤ, ਨਿਰੋਏ ਅਤੇ ਹਰੇ-ਭਰੇ ਭਵਿੱਖ ਲਈ ਵੀ ਹੰਭਲਾ ਮਾਰਨਾ ਚਾਹੀਦਾ ਹੈ। ਆਓ ਪ੍ਰਣ ਕਰੀਏ ਕਿ ਅਸੀਂ ਰੁੱਖਾਂ ਨੂੰ ਸਿਰਫ਼ ਲੱਕੜ ਜਾਂ ਪੈਸੇ ਦੇ ਤੌਰ 'ਤੇ ਨਾ ਦੇਖ ਕੇ, ਉਹਨਾਂ ਨੂੰ ਜ਼ਿੰਦਗੀ ਦੇ ਸੱਚੇ ਰੱਖਵਾਲੇ ਮੰਨੀਏ ਅਤੇ ਹਰ ਸਾਲ ਘੱਟੋ-ਘੱਟ ਇੱਕ ਰੁੱਖ ਜ਼ਰੂਰ ਲਗਾਈਏ ਅਤੇ ਉਸਦੀ ਪਰਿਵਾਰ ਦੇ ਮੈਂਬਰ ਵਾਂਗ ਸੰਭਾਲ ਕਰੀਏ ਤਾਂ ਜੋ ਸਾਡੀ ਧਰਤੀ ਹਮੇਸ਼ਾ ਸਾਹ ਲੈਂਦੀ ਰਹੇ।



**ਚਾਨਣਦੀਪ ਸਿੰਘ ਔਲਖ,**
**ਪਿੰਡ ਗੁਰਨੇ ਖ਼ੁਰਦ (ਮਾਨਸਾ),**
**ਸੰਪਰਕ 9876888177,**
**chanandeep@gmial.com**




# ਅਸਲੀ ਅਮੀਰੀ



"ਅਮੀਰ" ਸ਼ਬਦ ਆਪਣੇ ਆਪ ਵਿੱਚ ਹੀ ਇੱਕ ਵਜ਼ਨਦਾਰ ਸ਼ਬਦ ਹੈ ਜੋ ਕਾਫ਼ੀ ਉੱਚਾ ਰੁਤਬਾ ਰੱਖਦਾ ਹੈ। ਇਸ ਸ਼ਬਦ ਨੂੰ ਬੋਲਦੇ ਸਾਰ ਜਾਂ ਸੁਣਦੇ ਸਾਰ ਹੀ ਇੱਕ ਵੱਖਰਾ ਹੀ ਸ਼ਾਨੋਸ਼ੌਕਤ ਅਤੇ ਸ਼ਾਹੀ ਅੰਦਾਜ਼ ਵਾਲਾ ਦ੍ਰਿਸ਼ ਅੱਖਾਂ ਅੱਗੇ ਘੁੰਮਣ ਲੱਗਦਾ ਹੈ। ਕੋਠੀਆਂ ,ਕਾਰਾਂ,ਧਨ ,ਦੌਲਤ ਸਭ ਇਸ ਸ਼ਬਦ ਦੇ ਸਕੇ ਸਬੰਧੀ ਹਨ ਬਿਲਕੁਲ ਉਸੇ ਤਰ੍ਹਾਂ ਹੀ ਜਿਵੇਂ ਕਿਸੇ ਖਾਨਦਾਨ ਦੇ ਵੱਡੇ ਬਜ਼ੁਰਗ ਦਾ ਨਾਂ ਲੈਂਦਿਆਂ ਹੀ ਉਸ ਦੇ ਪੂਰੇ ਆਰ ਪਰਿਵਾਰ ਦੀ ਤਸਵੀਰ ਅੱਖਾਂ ਸਾਹ-ਮਣੇ ਆ ਜਾਂਦੀ ਹੈ। ਇਸ ਧਰਤੀ ਉੱਤੇ ਜਿਹੜੇ ਲੋਕ ਧਨ ਦੌਲਤ ਅਤੇ ਰੁਤਬੇ ਕਾਰਨ ਅਮੀਰ ਪਾਏ ਜਾਂਦੇ ਹਨ, ਅਕਸਰ ਉਹਨਾਂ ਵਿੱਚੋਂ ਬਹੁਤੇ ਲੋਕ ਬਹੁਤ ਹੀ ਛੋਟੇ ਦਿਲ ਦੇ ਮਾਲਕ ਹੁੰਦੇ ਹਨ। ਉਹਨਾਂ ਦੀ ਨਿਗਾਹ ਵਿੱਚ ਆਮ ਜਿਹੇ ਲੋਕ "ਐਵੇਂ" ਹੀ ਹੁੰਦੇ ਹਨ। ਉਹਨਾਂ ਲੋਕਾਂ ਨੂੰ ਆਮ ਜਿਹੇ ਲੋਕਾਂ ਨਾਲ ਗੱਲਬਾਤ ਕਰਦਿਆਂ ਬੜਾ ਔਖਾ ਔਖਾ ਜਿਹਾ ਮਹਿਸੂਸ ਹੁੰਦਾ ਹੈ,ਕਿਤੇ ਉਹਨਾਂ ਦੀ ਅਮੀਰੀ ਦੇ ਦਾਮਨ ਨੂੰ ਦਾਗ਼ ਹੀ ਨਾ ਲੱਗ ਜਾਵੇ।ਪਰ ਹੁਣ ਸਮੇਂ ਦੇ ਵੇਗ ਨਾਲ ਅਮੀਰੀ ਨੇ ਵੀ ਰਫ਼ਤਾਰ ਫੜ ਲਈ ਹੈ। ਅੱਜ ਕੱਲ੍ਹ ਕਿਸੇ ਕੋਲ ਘਰ ਵਿੱਚ ਚਾਹੇ ਧੇਲਾ ਨਾ ਹੋਵੇ ਪਰ ਆਪਣੇ ਆਪ ਨੂੰ ਅਮੀਰ ਸਾਬਤ ਕਰਨ ਲਈ ਗੱਲਾਂ ਕਰੋੜਾਂ ਦੀਆਂ ਕਰਨਗੇ, ਅੱਜ ਕੱਲ੍ਹ ਕਾਰਾਂ ਹਰ ਘਰ ਖੜੀਆਂ ਹਨ ਚਾਹੇ ਕਿਸ਼ਤ ਤੇ ਕਿਉਂ ਨਾ ਖ਼ੀਦਣੀ ਪਵੇ। ਭਾਵੇਂ ਕਿਸ਼ਤ ਭਰਨ ਵੇਲ਼ੇ ਜਾਨ ਨੂੰ ਬਣੀ ਹੋਵੇ।ਪਰ ਗੱਲ ਤਾਂ ਅਮੀਰੀ ਦੀ ਮੋਹਰ ਲਾਉਣ ਦੀ ਹੈ।

ਹੁਣ ਗੱਲ ਅਸਲੀ ਅਮੀਰੀ ਦੀ ਕਰ ਲਈਏ। ਪੁਰਾਣੇ ਲੋਕਾਂ ਕੋਲ ਸੁੱਖ ਸਹੂਲਤਾਂ ਘੱਟ ਸਨ ,ਕੰਮ ਵੀ ਹੱਥੀਂ ਕਰਦੇ ਸਨ, ਸਫ਼ਰ ਵੀ ਪੈਦਲ ਤਹਿ ਕਰਦੇ ਸਨ ਫੇਰ ਵੀ ਖੁਸ਼ ਰਹਿੰਦੇ ਸਨ,ਅਸਲ ਵਿੱਚ ਤਾਂ ਉਹ ਅਸਲੀ ਅਮੀਰੀ ਸੀ। ਅੱਜ ਕੱਲ੍ਹ ਇਹ ਕਿਹੋ ਜਿਹੀ ਅਮੀਰੀ ਆ ਗਈ ਹੈ ਜਿਸ ਵਿੱਚ ਉਸ ਦੇ ਖੁੱਲ੍ਹ ਕੇ ਹੱਸਣ ਤੇ ਵੀ ਉਸ ਨੂੰ ਲੱਗਦਾ ਹੈ ਕਿ ਕਿਤੇ ਉਸ ਦੀ ਸ਼ਾਨ ਵਿੱਚ ਫਰਕ ਨਾ ਪੈ ਜਾਵੇ।ਜੇ ਸੋਚਿਆ ਜਾਵੇ ਤਾਂ ਅਸਲੀ ਅਮੀਰੀ ਦਿਲ ਦੀ ਹੁੰਦੀ ਹੈ,ਅਸਲੀ ਅਮੀਰੀ ਆਪ ਖੁਸ਼ ਰਹਿਕੇ ਦੂਜੇ ਨੂੰ ਖੁਸ਼ ਰੱਖਣ ਦੀ ਹੁੰਦੀ ਹੈ। ਜੋ ਵਿਅਕਤੀ ਥੋੜ੍ਹੇ ਵਿੱਚ ਵੀ ਪ੍ਰਸੰਨ ਦਿਖਾਈ ਦਿੰਦਾ ਹੈ,ਸਮਝੋ ਉਸ ਤੋਂ ਧਨੀ ਵਿਅਕਤੀ ਕੋਈ ਨਹੀਂ ਹੋ ਸਕਦਾ।ਜੋ ਵਿਅਕਤੀ ਸਬਰ ਸੰਤੋਖ ਨਾਲ ਰੋਟੀ ਤੇ ਲੂਣ ਰੱਖ ਕੇ ਖਾਣ ਤੋਂ ਬਾਅਦ ਵੀ ਜ਼ਿੰਦਗੀ ਨੂੰ ਹੱਸਦੇ ਖੇਡਦੇ ਬਸ਼ਰ ਕਰਦਾ ਹੈ ਉਹ ਮਹਿੰਗੇ ਰੈਸਟੋਰੈਂਟਾਂ ਵਿੱਚ ਖਾਣਾ ਖਾਣ ਵਾਲੇ ਉਹਨਾਂ ਅਮੀਰ ਲੋਕਾਂ ਤੋਂ ਕਿਤੇ ਵੱਧ ਅਮੀਰ ਹੁੰਦਾ ਹੈ ਜੋ ਹਰ ਸਮੇਂ ਵਿਖਾਵੇ ਦੀ ਜ਼ਿੰਦਗੀ ਜਿਊਣਾ ਪਸੰਦ ਕਰਦੇ ਹਨ।

ਬਹੁਤੇ ਪਾਠਕਾਂ ਨੇ ਤਾਂ ਇਹ ਕਹਾਣੀ ਸੁਣੀ ਹੀ ਹੋਵੇਗੀ ਕਿ ਇੱਕ ਅਮੀਰ ਘਰ ਦੀ ਨੌਕਰਾਣੀ ਦੀ ਕੁੜੀ ਦਾ ਵਿਆਹ ਸੀ ,ਉਸ ਦੀ ਕੁੜੀ ਨੂੰ ਵਿਆਹ ਵਿੱਚ ਸੂਟ ਖ਼ਰੀਦਣ ਲਈ ਗਈ ਮਾਲਕਣ ਨੇ ਭਾਈ ਨੂੰ ਸਸਤਾ ਅਤੇ ਘਟੀਆ ਜਿਹਾ ਸੂਟ ਦਿਖਾਉਣ ਲਈ ਕਿਹਾ। ਓਧਰ ਨੌਕਰਾਣੀ ਕੱਪੜੇ ਦੀ ਦੁਕਾਨ ਤੇ ਜਾ ਕੇ ਆਪਣੀ ਮਾਲਕਣ ਨੂੰ ਤੋਹਫ਼ਾ ਦੇਣ ਲਈ ਵਧੀਆ ਤੋਂ ਵਧੀਆ ਸੂਟ ਖਰੀਦ ਕੇ ਲਿਆਉਂਦੀ ਹੈ ਕਿਉਂਕਿ ਉਸ ਦੀ ਮਾਲਕਣ ਨੇ ਉਸ ਦੇ ਘਰ ਪਹਿਲੀ ਵਾਰ ਆਉਣਾ ਸੀ। ਇਸ ਕਹਾਣੀ ਤੋਂ ਸਿੱਟਾ ਇਹੀ ਨਿਕਲਦਾ ਹੈ ਕਿ ਦਿਲ ਤੋਂ ਅਮੀਰ ਤਾਂ ਨੌਕਰਾਣੀ ਹੀ ਹੋਈ। ਜਿਹੜਾ ਵਿਅਕਤੀ ਦਿਲ ਦਾ ਅਮੀਰ ਹੋਵੇ ਉਹ ਵਿਅਕਤੀ ਵੀ ਸਦਾ ਖ਼ੁਸ਼ਹਾਲ ਜੀਵਨ ਹੀ ਬਤੀਤ ਕਰਦਾ ਹੈ। ਉਹ ਵਿਅਕਤੀ ਪੈਸੇ ਦੀ ਤੰਗੀ ਵਾਲੀ ਗ਼ਰੀਬੀ ਵੀ ਅਰਾਮ ਨਾਲ ਕੱਟ ਲੈਂਦਾ ਹੈ। ਅਸਲ ਵਿੱਚ ਜਿਹੜੇ ਲੋਕ ਅਮੀਰੀ ਦਾ ਮਾਪ ਧਨ ਦੌਲਤ ਨਾਲ ਕਰਦੇ ਹਨ ਉਹਨਾਂ ਲੋਕਾਂ ਦੀ ਸੋਚ ਦਾ ਦਾਇਰਾ ਵਿਸ਼ਾਲ ਨਹੀਂ ਹੋ ਸਕਦਾ। ਇਸ ਲਈ ਆਮ ਲੋਕ ਅਮੀਰਾਂ ਦੀ ਚਕਾਚੌਂਧ ਵਾਲੀ ਜ਼ਿੰਦਗੀ ਦੇਖ ਕੇ ਆਪਣੇ ਆਪ ਨੂੰ ਉਹੋ ਜਿਹਾ ਬਣਾਉਣ ਲਈ, ਮਹਿੰਗੀਆਂ ਵਸਤੂਆਂ ਖਰੀਦਣ ਲਈ ਕਰਜ਼ੇ ਚੁੱਕ ਲੈਂਦੇ ਹਨ।ਜਦ ਕਰਜ਼ੇ ਨਾ ਮੋੜੇ ਜਾਣ ਤਾਂ ਟੱਬਰਾਂ ਦੇ ਟੱਬਰ ਆਤਮਹੱਤਿਆ ਵਰਗੀਆਂ ਘਟਨਾਵਾਂ ਨੂੰ ਅੰਜਾਮ ਦੇ ਦਿੰਦੇ ਹਨ। ਸੋਚਿਆ ਜਾਵੇ ਤਾਂ ਦੋ ਘੜੀ ਦੀ ਵਿਖਾਵੇ ਦੀ ਅਮੀਰੀ ਤਾਂ ਮੌਤ ਬਣ ਕੇ ਨਿਗਲ਼ ਜਾਂਦੀ ਹੈ।ਇਸ ਲਈ ਵਿਸ਼ਾਲ ਹਿਰਦਿਆਂ ਦੇ ਮਾਲਕ ਸਬਰ ਸੰਤੋਖ ਵਾਲੇ ਹਸਮੁੱਖ ਚਿਹਰੇ ਹੀ ਅਸਲੀ ਅਮੀਰ ਮੰਨੇ ਜਾ ਸਕਦੇ ਹਨ।



**ਬਰਜਿੰਦਰ ਕੌਰ ਬਿਸਰਾਓ...**
**9988901324**

# ਸਮਾਜ ਵਿੱਚ ਵਿਦਿਆ ਦਾ ਚਾਨਣ ਫੈਲਾਉਣ ਵਾਲੇ ਰੂਹਾਨੀਅਤ ਦੇ ਰੰਗ ਵਿੱਚ ਰੰਗੇ ਮਾਤਾ ਤ੍ਰਿਪਤਾ ਭੰਡਾਰੀ ਜੀ

## ਬਰਸੀ ਤੇ ਵਿਸ਼ੇਸ਼

"ਹਿਜ਼ ਐਕਸਲੈਂਟ ਇੰਸਟੀਚਿਊਟ" ਅਤੇ "ਸੇਂਟ ਕਬੀਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਚੱਗਰਾਂ" ਹੁਸ਼ਿਆਰਪੁਰ ਦੇ ਐਮ.ਡੀ. ਡਾ. ਆਸ਼ੀਸ਼ ਸਰੀਨ ਦੇ ਮਾਤਾ ਜੀ ਇੱਕ ਬਹੁਤ ਹੀ ਸੁਲਝੀ ਹੋਈ ਸ਼ਖਸੀਅਤ ਸਨ, ਜਿਹਨਾਂ ਨੂੰ ਸਮਾਜ ਮਰਨ ਉਪਰੰਤ ਵੀ ਯਾਦ ਕਰ ਰਿਹਾ । ਮਾਤਾ ਤ੍ਰਿਪਤਾ ਭੰਡਾਰੀ ਦਾ ਜਨਮ ਕਪੂਰਥਲਾ ਵਿਖੇ ਹੋਇਆ। ਉਹਨਾਂ ਨੇ ਬੀ.ਐਸ.ਸੀ. ਦੀ ਡਿਗਰੀ 1970 ਵਿਚ ਅਤੇ ਬੀ., ਐਡ. ਦੀ ਡਿਗਰੀ 1971 ਵਿਚ ਪਾਸ ਕੀਤੀ। ਖਾਸ ਗੱਲ ਇਹ ਹੈ ਕਿ ਜਿਸ ਵਕਤ ਉਨਾਂ ਨੇ ਉੱਚ ਡਿਗਰੀਆਂ ਪ੍ਰਾਪਤ ਕੀਤੀਆਂ ਉਸ ਸਮੇਂ ਲੜਕੀਆਂ ਦੀ ਪੜ੍ਹਾਈ ਵੱਲ ਕੋਈ ਜਿਆਦਾ ਧਿਆਨ ਨਹੀਂ ਦਿੱਤਾ ਜਾਂਦਾ ਸੀ। ਉਹਨਾਂ ਦਾ ਵਿਆਹ 1972 ਵਿੱਚ ਅਰਵਿੰਦ ਕੁਮਾਰ ਨਾਲ ਹੁਸ਼ਿਆਰਪੁਰ ਵਿਖੇ ਹੋਇਆ। ਭਾਰਤ ਦੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਹਾਫ ਮਿਲੀਅਨ (5 ਲੱਖ) ਨੌਕਰੀਆਂ 1974 ਵਿੱਚ ਪ੍ਰਕਾਸ਼ਿਤ ਕੀਤੀਆਂ ਸਨ, ਉਸ ਸਮੇਂ ਮਾਤਾ ਤ੍ਰਿਪਤਾ ਭੰਡਾਰੀ ਜੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਰੇਲਵੇ ਮੰਡੀ ਹੁਸ਼ਿਆਰਪੁਰ ਵਿਖੇ ਸਾਇੰਸ ਅਧਿਆਪਕਾ ਵਜੋਂ ਨਿਯੁਕਤ ਹੋਏ, ਜਿੱਥੇ ਉਹਨਾਂ ਨੇ ਲਗਾਤਾਰ 33 ਸਾਲ ਵਿੱਦਿਆ ਦਾ ਪ੍ਰਕਾਸ਼ ਵੰਡਿਆ। ਇਸ ਤੋਂ ਬਾਅਦ ਇਕ ਸਾਲ ਸਰਕਾਰੀ ਹਾਈ ਸਕੂਲ ਭੀਖੋਵਾਲ ਵਿਖੇ ਵਿਦਿਆਰਥੀਆਂ ਨੂੰ ਵਿਦਿਆ ਦੀਆ ਪੌੜੀਆਂ ਚੜਨਾ ਸਿਖਾਇਆ, ਜਿੱਥੋਂ ਕਿ ਉਹ 2008 ਵਿੱਚ ਸੇਵਾ ਮੁਕਤ ਹੋਏ। ਆਪਣੀ ਸਰਕਾਰੀ ਸੇਵਾ ਦੌਰਾਨ ਉਹਨਾਂ ਨੇ ਹਮੇਸ਼ਾ ਹੀ ਬੱਚਿਆਂ ਨੂੰ ਚੰਗੇ ਰਸਤੇ ਵੱਲ ਜਾਣ ਲਈ ਪ੍ਰੇਰਿਤ ਕੀਤਾ। ਉਨਾਂ ਨੇ ਲੋੜਵੰਦ ਗਰੀਬ ਬੱਚਿਆਂ ਦੀ ਆਰਥਿਕ ਮਦਦ ਕੀਤੀ , ਜਿਸ ਕਾਰਨ ਵਿਦਿਆਰਥੀ ਉਹਨਾਂ ਨੂੰ ਅਜੇ ਵੀ ਯਾਦ ਕਰਦੇ ਹਨ ਅਤੇ ਆਪਣਾ ਆਦਰਸ਼ ਮੰਨਦੇ ਹਨ। ਉਹਨਾਂ ਦੇ ਬੇਟੇ ਡਾ. ਅਸ਼ੀਸ਼ ਸਰੀਨ ਨੇ ਦੱਸਿਆ ਕਿ "ਹਿਜ਼ ਐਕਸਲੈਂਟ ਇੰਸਟੀਚਿਊਟ" ਦਾ ਨਾਮ ਵੀ ਉਹਨਾਂ ਦੀ ਮਾਤਾ ਦੀ ਹੀ ਦੇਣ ਹੈ । ਡਾ. ਆਸ਼ੀਸ਼ ਸਰੀਨ ਦੇ



ਜੀਵਨ ਵਿੱਚ ਵੀ ਮਾਤਾ ਤ੍ਰਿਪਤਾ ਭੰਡਾਰੀ ਦਾ ਬਹੁਤ ਯੋਗਦਾਨ ਰਿਹਾ ਹੈ। ਡਾ. ਸਰੀਨ ਨੇ ਦੱਸਿਆ ਕਿ ਉਹਨਾਂ ਦੀ ਮਾਤਾ ਦੁਆਰਾ ਸਾਰੇ ਪਰਿਵਾਰ ਨੂੰ ਸਮਾਜਿਕ ਕਦਰਾਂ ਕੀਮਤਾਂ ਵਿੱਚ ਬੰਨਿਆ ਹੋਇਆ ਸੀ, ਜੋ ਕਿ ਹੁਣ ਉਹਨਾਂ ਦੀ ਆਦਤ ਬਣ ਚੁੱਕਿਆ ਹੈ। ਉਹਨਾਂ ਦੱਸਿਆ ਕਿ ਮਾਤਾ ਤ੍ਰਿਪਤਾ ਭੰਡਾਰੀ ਜੀ ਉਹਨਾਂ ਨੂੰ ਸਕੂਲ ਸਮੇਂ ਤੋਂ ਬਾਅਦ ਰਾਤ ਦੇ 8 ਵਜੇ ਤੱਕ ਭਰਾ ਪੜਾਉਣ ਉਪਰੰਤ ਤੁਰੰਤ ਸੁਲਾਅ ਦਿੰਦੇ ਸਨ ਅਤੇ ਫਿਰ ਸਵੇਰ ਨੂੰ 3 ਵਜੇ ਪੜ੍ਹਨ ਲਈ ਉਠਾ ਦਿੰਦੇ ਸਨ, ਕਿਉਂਕਿ ਉਹਨਾਂ ਅਨੁਸਾਰ ਸਵੇਰ ਵਕਤ ਪੜ੍ਹਿਆ ਹਮੇਸ਼ਾ ਯਾਦ ਰਹਿੰਦਾ ਹੈ। ਉਹਨਾਂ ਦੱਸਿਆ ਕਿ ਮਾਤਾ ਤ੍ਰਿਪਤਾ ਭੰਡਾਰੀ ਜੀ ਦੀ ਦੇ ਅਸ਼ੀਰਵਾਦ ਸਦਕਾ ਹੀ ਉਹ ਅੱਜ ਸਫਲਤਾ ਦੀਆਂ ਮੰਜ਼ਿਲਾਂ ਛੂਹ ਰਹੇ ਹਨ। ਮਾਤਾ ਤ੍ਰਿਪਤਾ ਭੰਡਾਰੀ ਜੀ ਜਿੱਥੇ ਇੱਕ ਵਧੀਆ ਅਧਿਆਪਕਾ ਅਤੇ ਇੱਕ ਚੰਗੇ ਮਾਰਗ ਦਰਸ਼ਕ ਸਨ ਉਥੇ ਹੀ ਉਹ ਅਧਿਆਤਮਵਾਦ ਦੇ ਰੰਗ ਵਿੱਚ ਰੰਗੇ ਹੋਏ ਹਮੇਸ਼ਾ ਹੀ ਮਸਤ ਰਹਿੰਦੇ ਸਨ। ਉਹ ਹਮੇਸ਼ਾ ਮਾਨਵਤਾ ਦੀ ਭਲਾਈ ਦੀ ਕਾਮਨਾ ਕਰਦੇ ਸਨ ਅਤੇ ਬੁਰੇ ਲੋਕਾਂ ਨੂੰ ਵੀ ਸੁਧਰਨ ਦਾ ਮੌਕਾ ਦਿੰਦੇ ਸਨ। ਜਿਸ ਦੀ ਇੱਕ ਉਦਾਹਰਣ ਇਹ ਹੈ ਕਿ ਉਹਨਾਂ ਦੇ 'ਹਿਜ਼ ਐਕਸੀਲੈਂਟ ਇੰਸਟੀਟਿਊਟ' ਤੋਂ ਵਿਦਿਆਰਥੀਆਂ ਦੇ ਚਾਰ ਸਾਈਕਲ ਚੋਰੀ ਹੋ ਗਏ ਸਨ। ਚੋਰ ਵੀ ਫੜਿਆ ਗਿਆ, ਪਰ ਉਸ ਨੂੰ ਫਿਰਾਖ ਦਿਲ ਦਿਖਾਉਂਦੇ ਹੋਏ ਤੁਰੰਤ ਉਸ ਨੂੰ ਛੱਡ ਦਿੱਤਾ ਗਿਆ ਅਤੇ ਜਿਨ੍ਹਾਂ ਦੇ ਵਿਦਿਆਰਥੀਆਂ ਦੇ ਸਾਈਕਲ ਚੋਰੀ ਹੋਏ ਸਨ, ਉਨਾਂ ਵਿਦਿਆਰਥੀਆਂ ਨੂੰ ਨਵੇਂ ਸਾਈਕਲ ਖੁਦ ਲੈ ਕੇ ਦਿੱਤੇ ਗਏ। ਅਜਿਹਾ ਮਾਨ-ਵਤਾ ਭਰਿਆ ਵਤੀਰਾ ਹੋਰ ਕਿਤੇ ਦੇਖਣ ਨੂੰ ਨਹੀਂ ਮਿਲਦਾ। ਡਾਕਟਰ ਆਸ਼ੀਸ਼ ਸਰੀਨ ਮਾਤਾ ਤ੍ਰਿਪਤਾ ਭੰਡਾਰੀ ਦੁਆਰਾ ਦਿੱਤੇ ਮਿਆਰੀ ਸਿੱਖਿਆ ਅਤੇ ਸਮਾਜਿਕ ਕਦਰਾਂ ਕੀਮਤਾਂ ਦੇ ਸੰਕਲਪ ਨੂੰ ਸਮਾਜ ਵਿੱਚ ਵਿਦਿਆਰਥੀਆਂ ਰਾਹੀਂ ਵੰਡਣ ਦੀ ਭਰਪੂਰ ਕੋਸ਼ਿਸ਼ ਕਰ ਰਹੇ ਹਨ ਜੋ ਕਿ ਇੱਕ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ ਅੱਜ ਦੇ ਦਿਨ ਮਾਤਾ ਤ੍ਰਿਪਤਾ ਭੰਡਾਰੀ ਜੀ ਮਾਲਕ ਵਲੋ ਬਖਸ਼ਿਸ਼ ਕੀਤੀ ਗਈ ਸਵਾਸਾ ਦੀ ਪੂਜੀ ਨੂੰ ਸਮਾਪਤ ਕਰਦੇ ਹੋਏ ਇਸ ਫਾਨੀ ਦੁਨੀਆ ਤੋਂ ਰੁਖ਼ਸਤ ਹੋ ਗਏ ਸਨ ! ਸੋ ਅੱਜ ਮਾਤਾ ਤ੍ਰਿਪਤਾ ਭੰਡਾਰੀ ਜੀ ਨੂੰ ਯਾਦ ਕਰਦਿਆਂ ਉਹਨਾਂ ਲਖਸ਼ੇ ਜਿਗਰ ਦੇ ਟੁਕੜੇ ਡਾ. ਆਸ਼ੀਸ਼ ਸਰੀਨ ਅਤੇ ਉਹਨਾਂ ਦੀ ਨੂੰਹ ਸ਼ਵੇਤਾ ਧਵਨ ਵੱਲੋਂ ਗਰੀਬ ਪ੍ਰੀਵਾਰਾ ਨੂੰ ਰਾਸ਼ਨ ਵੰਡਿਆਂ ਜਾ ਰਿਹਾ ਹੈ ਇਸ ਦੇ ਨਾਲ ਨਾਲ ਮਾਤਾ ਤ੍ਰਿਪਤਾ ਭੰਡਾਰੀ

ਜੀ ਦੁਆਰਾ ਸਮਾਜ ਨੂੰ ਦਿੱਤੀਆਂ ਗਈਆਂ ਸੇਵਾਵਾਂ ਨੂੰ ਯਾਦ ਕੀਤਾ ਜਾਵੇਗਾ।

**ਪੇਸ਼ਕਸ਼ : ਤਰਸੇਮ ਦੀਵਾਨਾ ਸੀਨੀਅਰ ਪੱਤਰਕਾਰ ਹੁਸ਼ਿਆਰਪੁਰ ਮੋਬਾਈਲ 9417252526**

# (ਹਵਾ ਤੇ ਪਾਣੀ ਦੀ ਬੱਚਤ)

"ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ਉਪਰੋਕਤ ਹਵਾਲਾ ਪਾਣੀ ਅਤੇ ਹਵਾ ਦੀ ਮਹੱਤਤਾ ਨੂੰ ਦਰਸਾਉਂਦਾ।"ਭਾਵੇਂ ਦੋਨੋਂ ਚੀਜ਼ਾਂ ਕੁਦਰਤ ਨੇ ਮੁੱਫਤ ਅਤੇ ਬਹੁਤਾਤ ਵਿੱਚ ਦਿੱਤੀਆਂ,ਮਨੁੱਖ ਇਨ੍ਹਾਂ ਦੀ ਬਰਬਾਦੀ ਕਰਨ ਤੋਂ ਬਾਜ ਨ੍ਹੀਂ ਆਉਂਦਾ। ਕੇਪਟਾਊਨ (ਦੱਖਣੀ ਅਫਰੀਕਾ) ਵਿੱਚ ਇਹਤਿਆਤੀ ਤੌਰ ਤੇ ਪਾਣੀ ਦੀ ਰਾਸ਼ਨ ਉੱਤੇ ਹੋਈ ਸਪਲਾਈ। ਕੁਦਰਤੀ ਹਵਾ ਤਾਂ ਵਾਧੂ,ਪਰ ਹਸਪਤਾਲ ਵਿੱਚ ਮਿਲਦੀ ਆਕਸੀਜਨ ਦੀ ਘਾਟ,ਮਚਾਵੇ ਦੁਹਾਈ। ਰਾਜਸੀ ਧਰਾਤਲ ਉੱਤੇ ਵੀ, ਹਵਾ,ਪਾਣੀ ਲਈ ਹੁੰਦੀਆਂ ਲੜਾਈਆਂ। ਭਾਜਪਾ ਕੇਂਦਰ ਵਿੱਚ ਬੈਠੀ, ਵਿਰੋਧੀਆਂ ਦੀਆਂ ਪਵਾਉਂਦੀ ਦੁਹਾਈਆਂ। ਬੰਗਾਲ ਦੀ ਮਮਤਾ ਇਕੱਲੀ ਪੈ ਗਈ, ਮੋਦੀ ਨੇ ਚਟਾਈ ਧੂਲ। ਸੋਨੀਆ ਨੂੰ ਮਿਲਕੇ ਮਾਫੀ ਮੰਗੀ,ਖਤਮ ਕੀਤੀ ਤ੍ਰਿਣਾਮੂਲ। ਪਾਣੀਆਂ ਦੇ ਮੁੱਦੇ ਉੱਤੇ, ਪੰਜਾਬ ਦੀ ਸਿਆਸਤ ਵਿੱਚ ਆ ਗਈ ਹਨੇਰੀ। ਮੁੱਖ ਮੰਤਰੀ ਮਾਨ ਕਹਿੰਦਾ ਪਾਣੀ ਦੀ ਇੱਕ ਬੂੰਦ ਨ੍ਹੀਂ ਦੇਣੀ, ਧਰਤੀ ਥੱਲੇ ਲੰਘਾਉਣਾ। ਪਾਣੀ ਦਾ ਪੱਧਰ ਉਪਰ ਲਿਆਉਣਾ। ਕੇਵਲ ਸਿੰਘ ਢਿੱਲੋਂ ਨੂੰ ਵਾਗਡੋਰ ਸੰਭਾਲੀ ਭਾਜਪਾ ਪੰਜਾਬ ਦੀ।ਹਵਾ ਪਾਣੀ ਦੀ ਰੇਲ ਚੱਲੂਗੀ, ਫੋਕੀ ਲਹਿਰ ਚੱਲੂ ਇਨਕਲਾਬ ਦੀ।

ਟਰੰਪ ਬੌਂਦਲ ਗਿਆ, ਤਾਕਤ ਦੇ ਨਸ਼ੇ ਵਿੱਚ ਅੰਨ੍ਹਾ ਨਵਾਬ ਹੋ ਗਿਆ। ਹਵਾ ਉਸਦੀ ਖਰਾਬ ਹੋ ਗਈ, ਪਾਣੀ ਉਸ ਦਾ ਸ਼ਰਾਬ ਹੋ ਗਿਆ। ਉਸਨੂੰ ਸਮਝ ਨ੍ਹੀਂ ਆ ਰਹੀ, ਅੱਗੇ ਵਧਾਂ ਕਿ ਪਿੱਛੇ ਮੁੜਾਂ, ਸਾਰੇ ਪਾਸੇ, ਭਾਂਬੜ ਅੱਗ



ਦਾ ਮੱਚ ਰਿਹਾ। ਅਪਣੇ ਬੀਜੇ ਕੰਡੇ ਆਪੇ ਚੁੱਗ ਰਿਹਾ,ਅਪਣਾ ਥੁੱਕਿਆ ਆਪੇ ਚੱਟ ਰਿਹਾ।ਸਾਰੀ ਦੁਨੀਆਂ ਲਾਹਨਤਾਂ ਪਾਉਂਦੀ,ਨਾ ਘਰ ਦਾ ਰਿਹਾ, ਨਾ ਘਾਟ ਦਾ। ਧੋਬੀ ਦੇ ਕੁੱਤੇ ਵਾਂਗੂੰ, ਖ਼ੈਰਾਤ ਲਈ ਇਧਰ ਉਧਰ ਰਹੇ ਝਾਕਦਾ।ਉਸਦੇ ਅਪਣੇ ਦੇਸ਼ ਦੇ ਲੋਕ, ਉਸ ਦਾ ਹੁੱਕਾ ਪਾਣੀ ਬੰਦ ਕਰਨ ਲੱਗੇ,ਸਾਂਹ ਉਸ ਦਾ ਲੈਣਾ ਕੀਤਾ ਬੰਦ। ਵ੍ਹਾਈਟ ਹਾਊਸ ਵਿੱਚ ਸੰਨਿਆਸ ਲੈਕੇ ,ਹੋ ਜਾਣਾ ਆਪੇ ਨਜ਼ਰਬੰਦ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ #639/40ਏ, ਚੰਡੀਗੜ੍ਹ**

Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ — facebook samajweekly

ਸਾਨੂੰ ਐਕਸ ਤੇ ਫੌਲੋ ਕਰੋ — X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**